





## FRESH & LARGE VARIETY

**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

621 Wanless drive, # 122
Brampton ON L7A 0A9
905-495-3336

80 Pertosa Drive
Brampton ON L5X-5E9
905-460-0009

2120 North park Drive
Brampton ON L6S 0C9
905-793-1338

21 Lacoste Blvd,
Brampton, ON L6P 2K2
905 794-8109

1075 Ceremonial Drive
Mississauga ON L5R 2Z4
905-502-1600

10510 Torbram Road,
Brampton
905-790-0030

10 Pannahill Dr,
Brampton
905 913-8017

# ਫਲੌਇਡ ਮਾਮਲੇ ਵਿੱਚ ਨਵੇਂ ਚਾਰਜਿਜ਼ ਲਾਏ ਜਾਣ ਤੋਂ ਬਾਅਦ ਰੋਸ ਮੁਜ਼ਾਹਰੇ ਪਏ ਮੱਠੇ




ਮਿਨੀਆਪੋਲਿਸ, 4 ਜੂਨ (ਪੋਸਟ ਬਿਊਰੋ) : ਨਸਲਵਾਦ ਤੇ ਪੁਲਿਸ ਵੱਲੋਂ ਕੀਤੀ ਜਾਣ ਵਾਲੀ ਧੱਕੇਸ਼ਾਹੀ ਖਿਲਾਫ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਚੱਲ ਰਹੇ ਰੋਸ ਮੁਜ਼ਾਹਰੇ ਕੁੱਝ ਮੱਠੇ ਪਏ ਹਨ। ਸਿਆਹ ਨਸਲ ਦੇ ਵਿਅਕਤੀ ਜਾਰਜ ਫਲੌਇਡ ਦਾ ਪੁਲਿਸ ਅਧਿਕਾਰੀ ਵੱਲੋਂ ਕਤਲ ਕਰਨ ਦੇ ਮਾਮਲੇ ਵਿੱਚ ਨਵੇਂ ਚਾਰਜਿਜ਼ ਲਾਏ ਜਾਣ ਤੋਂ ਬਾਅਦ ਹੀ ਇਨ੍ਹਾਂ ਰੋਸ ਮੁਜ਼ਾਹਰਿਆਂ ਵਿੱਚ ਮਾਮੂਲੀ ਕਮੀ ਦਰਜ ਕੀਤੀ ਗਈ ਹੈ।

ਪ੍ਰੌਸੀਕਿਊਟਰਜ਼ ਵੱਲੋਂ ਜਾਰਜ ਫਲੌਇਡ ਦੇ ਕਤਲ ਮੌਕੇ ਮੌਜੂਦ ਤਿੰਨ ਹੋਰ ਪੁਲਿਸ ਅਧਿਕਾਰੀਆਂ ਉੱਤੇ ਵੀ ਚਾਰਜ ਲਾਏ ਗਏ ਹਨ। ਇਸ ਮਾਮਲੇ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਪੁਲਿਸ ਅਧਿਕਾਰੀ ਖਿਲਾਫ ਵੀ ਹੋਰ ਸਖ਼ਤ ਚਾਰਜ ਲਾਏ ਗਏ ਹਨ। ਬੁੱਧਵਾਰ ਨੂੰ ਡੈਰੇਕ ਚੌਵਿਨ ਨਾਂ ਦੇ ਇਸ ਪੁਲਿਸ ਅਧਿਕਾਰੀ ਖਿਲਾਫ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ। ਇਸ ਪੁਲਿਸ ਅਧਿਕਾਰੀ ਨੇ ਹੀ ਫਲੌਇਡ ਦੀ ਧੌਣ ਉਤੇ ਨੌਂ ਮਿੰਟ ਤੱਕ ਗੋਡਾ ਰੱਖ ਕੇ ਉਸ ਦੀ ਜਾਨ ਲਈ ਸੀ। ਬਾਕੀ ਤਿੰਨਾਂ ਪੁਲਿਸ ਅਧਿਕਾਰੀਆਂ ਨੂੰ ਇਸ ਮਾਮਲੇ ਵਿੱਚ ਮੂਕ ਦਰਸ਼ਕ ਬਣ ਕੇ ਸੱਭ ਵੇਖਣ ਤੇ ਕਤਲ ਵਿੱਚ ਮਦਦ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ। ਜੇ ਇਨ੍ਹਾਂ ਸਾਰਿਆਂ ਖਿਆਫ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਚਾਰ ਦਹਾਕਿਆਂ ਤੱਕ ਦੀ ਕੈਦ ਹੋ ਸਕਦੀ ਹੈ। ਆਮ ਤੌਰ ਉੱਤੇ ਬੀਤੇ ਹਫਤੇ ਵਿੱਚ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਸ਼ਾਂਤਮਈ ਮੁਜ਼ਾਹਰੇ ਹੋਏ ਪਰ ਇੱਕਾ ਦੁੱਕਾ ਥਾਂਵਾਂ ਉੱਤੇ ਹਿੰਸਕ ਘਟਨਾਵਾਂ, ਅਗਜ਼ਨੀ ਤੇ ਲੁੱਟਮਾਰ ਦੀਆਂ ਘਟਨਾਵਾਂ ਵੀ ਰਿਪੋਰਟ ਕੀਤੀਆਂ ਗਈਆਂ।

ਦੇਸ਼ ਭਰ ਵਿੱਚ 10,000 ਲੋਕਾਂ ਨੂੰ ਅਸਥਿਰਤਾ ਫੈਲਾਉਣ ਲਈ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। ਹੁਣ ਤੱਕ ਇੱਕ ਦਰਜਨ ਤੋਂ ਵੱਧ ਲੋਕ ਇਸ ਦੌਰਾਨ ਮਾਰੇ ਜਾ ਚੁੱਕੇ ਹਨ। ਹਾਲਾਂਕਿ ਕਈ ਮਾਮਲਿਆਂ ਵਿੱਚ ਹਾਲਾਤ ਠੀਕ ਹੋ ਚੁੱਕੇ ਹਨ। ਕੈਲੇਫੋਰਨੀਆ ਵਿੱਚ ਵੀ ਸ਼ਾਂਤਮਈ ਢੰਗ ਨਾਲ ਰੋਸ ਮੁਜ਼ਾਹਰਾ ਕੀਤਾ ਗਿਆ ਤੇ ਓਕਲੈਂਡ ਵਿੱਚ ਐਨਬੀਏ ਸਟਾਰਜ਼ ਸਟੈਫ ਕਰੀ ਤੇ ਕਲੇਅ ਥਾਂਪਸਨ ਨੇ ਵੀ ਮੁਜ਼ਾਹਰਾਕਾਰੀਆਂ ਨਾਲ ਮਾਰਚ ਵਿੱਚ ਹਿੱਸਾ ਲਿਆ।

# ਜਾਰਜ ਫਲੌਇਡ ਵੀ ਸੀ ਕੋਵਿਡ-19 ਪਾਜ਼ੀਟਿਵ!

ਮਿਨੀਆਪੋਲਿਸ, 4 ਜੂਨ (ਪੋਸਟ ਬਿਊਰੋ) : ਮਿਨੀਆਪੋਲਿਸ ਪੁਲਿਸ ਵੱਲੋਂ ਮਾਰੇ ਗਏ ਸਿਆਹ ਨਸਲ ਦੇ ਵਿਅਕਤੀ ਜਾਰਜ ਫਲੌਇਡ ਦੇ ਪੋਸਟ ਮਾਰਟਮ ਤੋਂ ਬਾਅਦ ਇਹ ਖੁਲਾਸਾ ਹੋਇਆ ਹੈ ਕਿ ਉਹ ਕਰੋਨਾਵਾਇਰਸ ਪਾਜ਼ੀਟਿਵ ਸੀ। ਇਹ ਵੀ ਪਤਾ ਲੱਗਿਆ ਹੈ ਕਿ ਫਲੌਇਡ ਦੇ ਪਹਿਲਾਂ ਹੋਏ ਕੋਵਿਡ-19 ਟੈਸਟ ਵਿੱਚ ਉਹ ਪਾਜ਼ੀਟਿਵ ਆਇਆ ਸੀ।

ਪਰਿਵਾਰ ਦੀ ਇਜਾਜ਼ਤ ਤੋਂ ਬਾਅਦ ਹੈਨੇਪਿਨ ਕਾਊਂਟੀ ਮੈਡੀਕਲ ਐਗਜ਼ਾਮੀਨਰ ਆਫਿਸ ਵੱਲੋਂ 20 ਸਫਿਆਂ ਦੀ ਜਾਰੀ ਕੀਤੀ ਗਈ ਰਿਪੋਰਟ ਅਤੇ ਕੌਰੋਨਰ ਆਫਿਸ ਵੱਲੋਂ ਜਾਰੀ ਸਮਰੀ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਜਦੋਂ ਪੁਲਿਸ ਅਧਿਕਾਰੀ ਵੱਲੋਂ ਫਲੌਇਡ ਨੂੰ ਗੋਡੇ ਥੱਲੇ ਦਬਾਅ ਕੇ ਰੱਖਿਆ ਗਿਆ ਸੀ ਤਾਂ ਉਸ ਨੂੰ ਹਾਰਟ ਅਟੈਕ ਵੀ ਆਇਆ ਸੀ। ਇਸ ਰਿਪੋਰਟ ਵਿੱਚ ਫਲੌਇਡ ਦੀ ਮੌਤ ਨੂੰ ਕਤਲ ਦੱਸਿਆ ਗਿਆ ਹੈ।

ਕੁੱਝ ਰਾਹਗੀਰਾਂ ਵੱਲੋਂ ਇਸ ਘਟਨਾ ਦੀ ਬਣਾਈ ਗਈ ਵੀਡੀਓ ਤੋਂ ਵੀ ਇਹ ਸਾਹਮਣੇ ਆਇਆ ਹੈ ਕਿ ਮਿਨੀਆਪੋਲਿਸ ਦੇ ਪੁਲਿਸ ਅਧਿਕਾਰੀ



ਡੈਰੇਕ ਚੌਵਿਲ ਵੱਲੋਂ ਫਲੌਇਡ ਦੀ ਧੌਣ ਉੱਤੇ ਗੋਡਾ ਰੱਖ ਕੇ ਉਸ ਨੂੰ ਪੂਰੇ ਜ਼ੋਰ ਨਾਲ ਨੱਪਿਆ ਜਾ ਰਿਹਾ ਹੈ ਤੇ ਫਲੌਇਡ ਵੱਲੋਂ ਲਗਾਤਾਰ ਉਸ ਨੂੰ ਖੁਦ ਨੂੰ ਛੱਡਣ ਦੀ ਅਪੀਲ ਕੀਤੀ ਜਾ ਰਹੀ ਹੈ ਕਿਉਂਕਿ ਉਹ ਸਾਹ ਨਹੀਂ ਸੀ ਲੈ ਪਾ ਰਿਹਾ। ਲਗਾਤਾਰ ਫਲੌਇਡ ਵੱਲੋਂ ਅਫਸਰ ਨੂੰ ਉਸ ਨੂੰ ਛੱਡਣ ਲਈ ਆਖਿਆ ਜਾਂਦਾ ਰਿਹਾ ਪਰ ਪੁਲਿਸ ਅਧਿਕਾਰੀ ਨੇ ਉਸ ਦੀ ਇੱਕ ਨਾ ਸੁਣੀ ਤੇ ਆਖਿਰਕਾਰ ਫਲੌਇਡ ਦੇ ਸਾਹ ਸਤ ਮੁੱਕ ਗਏ ਤੇ ਉਸ ਨੇ ਹਿੱਲਣਾ ਵੀ ਬੰਦ ਕਰ ਦਿੱਤਾ। ਇਸ ਮਗਰੋਂ ਦੇਸ਼ ਭਰ ਵਿੱਚ ਅਜਿਹੇ ਮੁਜ਼ਾਹਰੇ ਭਖੇ ਜਿਹੜੇ ਅੱਜ ਵੀ ਜਾਰੀ ਹਨ ਤੇ ਇਨ੍ਹਾਂ ਵਿੱਚੋਂ ਕੁੱਝ ਹਿੰਸਕ ਵੀ ਸਨ। ਚੀਫ ਮੈਡੀਕਲ ਐਗਜ਼ਾਮਿਨਰ ਐਂਡਰਿਊ ਬੇਕਰ ਦੀ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ 3 ਅਪਰੈਲ ਨੂੰ ਕੋਵਿਡ-19 ਬਾਰੇ ਫਲੌਇਡ ਦੇ ਹੋਏ ਟੈਸਟ ਵਿੱਚ ਉਹ ਪਾਜ਼ੀਟਿਵ ਆਇਆ ਸੀ ਪਰ ਬਾਅਦ ਵਿੱਚ ਏਸਿੰਪਟੋਮੈਟਿਕ ਹੋ ਗਿਆ। ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਕਿ ਫਲੌਇਡ ਦੇ ਫੇਫੜੇ ਤਾਂ ਸਿਹਤਮੰਦ ਹੀ ਲੱਗਦੇ ਸਨ ਪਰ ਉਸ ਦੀਆਂ ਆਰਟਰੀਜ਼ ਤੰਗ ਸਨ।

# ਕਿੰਡਰਗਾਰਟਨ ਦੇ ਸਕਿਊਰਿਟੀ ਗਾਰਡ ਵੱਲੋਂ ਚਾਕੂ ਨਾਲ ਕੀਤੇ ਗਏ ਹਮਲੇ ਵਿੱਚ 39 ਜ਼ਖ਼ਮੀ



ਕਾਂਗਵੂ, 4 ਜੂਨ (ਪੋਸਟ ਬਿਊਰੋ) : ਅੱਜ ਸਵੇਰੇ ਦੱਖਣੀ ਚੀਨ ਵਿੱਚ ਕਿੰਡਰਗਾਰਟਨ ਵਿੱਚ ਚਾਕੂ ਨਾਲ ਹਮਲਾ ਕਰਕੇ ਸਕੂਲ ਦੇ ਸਕਿਊਰਿਟੀ ਗਾਰਡ ਨੇ 39 ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ। ਇਸ ਦੀ ਜਾਣਕਾਰੀ ਸਰਕਾਰੀ ਮੀਡੀਆ ਨੇ ਦਿੱਤੀ। ਇਸ ਘਟਨਾ ਪਿੱਛੇ ਕਾਰਨ ਕੀ ਸੀ ਇਸ ਦੀ ਜਾਣਕਾਰੀ ਅਜੇ ਨਹੀਂ ਮਿਲੀ ਹੈ। ਇਸ ਹਮਲੇ ਨੇ ਇੱਕ ਵਾਰੀ ਫਿਰ ਚੀਨ ਵਿੱਚ ਅਤੀਤ ਵਿੱਚ ਸਕੂਲਾਂ ਵਿੱਚ ਹੋਣ ਵਾਲੇ ਅਜਿਹੇ ਹਮਲਿਆਂ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਅਜਿਹੇ ਹਮਲਿਆਂ ਕਾਰਨ ਹੀ ਸਕਿਊਰਿਟੀ ਨੂੰ ਅਪਗ੍ਰੇਡ ਕਰਨ ਦੀ ਮੰਗ ਲਗਾਤਾਰ ਉੱਠਦੀ ਰਹੀ ਹੈ। ਅਧਿਕਾਰੀਆਂ ਵੱਲੋਂ ਅਜਿਹੇ ਹਮਲਿਆਂ ਲਈ ਨਿਜੀ ਰੰਜਸ਼ ਰੱਖਣ ਵਾਲਿਆਂ ਤੇ ਮਾਨਸਿਕ ਤੌਰ ਉੱਤੇ ਬਿਮਾਰ ਲੋਕਾਂ ਉੱਤੇ ਦੋਸ਼ ਮੜ੍ਹ ਦਿੱਤਾ ਜਾਂਦਾ ਹੈ।

ਗੁਆਂਗਜ਼ੀ ਰੀਜਨ ਦੀ ਕਾਂਗਵੂ ਕਾਊਂਟੀ ਦੀ ਲੋਕਲ ਸਰਕਾਰ ਨੇ ਆਖਿਆ ਕਿ ਇਸ ਹਮਲੇ ਵਿੱਚ 37 ਵਿਦਿਆਰਥੀਆਂ ਤੇ ਦੋ ਬਾਲਗ ਜ਼ਖ਼ਮੀ ਹੋਏ ਹਨ। ਲੋਕਲ ਸਰਕਾਰੀ ਮੀਡੀਆ ਵੱਲੋਂ ਹਮਲਾਵਰ ਦੀ ਪਛਾਣ ਸਕੂਲ ਦੇ ਹੀ ਸਕਿਊਰਿਟੀ ਗਾਰਡ ਵਜੋਂ ਕੀਤੀ ਗਈ ਹੈ ਜਿਸ ਦਾ ਸਰਨੇਮ ਲੀ ਦੱਸਿਆ ਜਾਂਦਾ ਹੈ।

# ਜੁਲਾਈ ਦੇ ਪਹਿਲੇ ਹਫਤੇ ਸੀਨੀਅਰਜ਼ ਨੂੰ ਮਿਲੇਗੀ ਕੋਵਿਡ-19 ਸਬੰਧੀ ਆਰਥਿਕ ਮਦਦ

ਓਟਵਾ, 4 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੀਨੀਅਰਜ਼ ਲਈ ਕੋਵਿਡ-19 ਦੇ ਸਬੰਧ ਵਿੱਚ ਇੱਕ ਵਾਰੀ ਦਿੱਤੀ ਜਾਣ ਵਾਲੀ 500 ਡਾਲਰ ਦੀ ਰਕਮ ਜੁਲਾਈ ਦੇ ਪਹਿਲੇ ਹਫਤੇ ਵਿੱਚ ਆ ਜਾਵੇਗੀ।



12 ਮਈ ਨੂੰ ਫੈਡਰਲ ਸਰਕਾਰ ਵੱਲੋਂ ਇਹ ਰਕਮ ਦਿੱਤੇ ਜਾਣ ਦਾ ਵਾਅਦਾ ਕਰਨ ਤੋਂ ਬਾਅਦ ਸੀਨੀਅਰਜ਼ ਬੜੀ ਬੇਸਬਰੀ ਨਾਲ ਇਸ ਦੀ ਉਡੀਕ ਕਰ ਰਹੇ ਹਨ। ਫੈਡਰਲ ਸਰਕਾਰ ਨੇ ਆਖਿਆ ਸੀ ਕਿ ਉਹ ਇਹ ਅਦਾਇਗੀਆਂ ਕਰਨ ਲਈ 2.5 ਬਿਲੀਅਨ ਡਾਲਰ ਖਰਚੇਗੀ। ਜਿਹੜੇ ਓਲਡ ਏਜ ਸਕਿਊਰਿਟੀ ਬੈਨੇਫਿਟ ਲਈ ਯੋਗ ਹਨ ਉਨ੍ਹਾਂ ਨੂੰ 300 ਡਾਲਰ ਦੀ ਇਹ ਟੈਕਸ ਫਰੀ ਰਕਮ ਮਿਲੇਗੀ ਜਦਕਿ ਜਿਨ੍ਹਾਂ ਨੂੰ ਗਾਰੰਟਿਡ ਇਨਕਮ ਸਪਲੀਮੈਂਟ ਮਿਲਦਾ ਹੈ ਉਨ੍ਹਾਂ ਨੂੰ 200 ਡਾਲਰ ਹੋਰ ਮਿਲਣਗੇ। 2.2 ਮਿਲੀਅਨ ਸੀਨੀਅਰਜ਼, ਜਿਹੜੇ ਦੋਵਾਂ ਲਈ ਕੁਆਲੀਫਾਈ ਕਰਦੇ ਹਨ ਉਨ੍ਹਾਂ ਨੂੰ 500 ਡਾਲਰ ਮਿਲਣਗੇ।

ਓਟਵਾ ਵਿੱਚ ਅੱਜ ਰਿਡਿਊ ਕਾਟੇਜ ਦੇ ਬਾਹਰੋਂ ਗੱਲ ਕਰਦਿਆਂ ਟਰੂਡੋ ਨੇ ਇਹ ਆਸ ਪ੍ਰਗਟਾਈ ਕਿ ਇਸ ਫੰਡ ਨਾਲ ਸੀਨੀਅਰਜ਼ ਦਾ ਕਾਫੀ ਭਲਾ ਹੋਵੇਗਾ। ਉਨ੍ਹਾਂ ਆਖਿਆ ਕਿ ਜੇ ਅਸੀਂ ਅਰਥਚਾਰੇ ਨੂੰ ਹੌਲੀ ਹੌਲੀ ਖੋਲ੍ਹਣਾ ਵੀ ਸ਼ੁਰੂ ਕਰਦੇ ਹਾਂ ਤਾਂ ਵੀ ਕਈ ਸੀਨੀਅਰਜ਼ ਨੂੰ ਆਪਣੀ ਸਿਹਤ ਖਾਤਰ ਲੰਮੇਂ ਸਮੇਂ ਲਈ ਘਰਾਂ ਵਿੱਚ ਹੀ ਰਹਿਣਾ ਹੋਵੇਗਾ। ਇਸ ਨਾਲ ਉਨ੍ਹਾਂ ਦੀ ਆਰਥਿਕ ਹਾਲਤ ਉੱਤੇ ਵੀ ਅਸਰ ਪਵੇਗਾ। ਇਸ ਲਈ ਸਾਡੀ ਸਰਕਾਰ ਨੇ ਇਸ ਔਖੀ ਘੜੀ ਵਿੱਚ ਉਨ੍ਹਾਂ ਦੀ ਮਦਦ ਕਰਨ ਦਾ ਉਪਰਾਲਾ ਕੀਤਾ ਹੈ।

# ਬੰਬਾਰਡੀਅਰ 196 ਕਾਮਿਆਂ ਦੀ ਕਰੇਗੀ ਛਾਂਗੀ

ਟੋਰਾਂਟੋ, 4 ਜੂਨ (ਪੋਸਟ ਬਿਊਰੋ) : ਬੰਬਾਰਡੀਅਰ ਇਨਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਰਾਈਡਰਸ਼ਿਪ ਨੰਬਰਾਂ ਵਿੱਚ ਆਈ ਭਾਰੀ ਗਿਰਾਵਟ ਕਾਰਨ ਉਹ ਰੀਜਨਲ ਟਰਾਂਜ਼ਿਟ ਸਰਵਿਸਿਜ਼ ਵਿੱਚ ਕੰਮ ਕਰਨ ਵਾਲੇ 196 ਕਰਮਚਾਰੀਆਂ ਦੀ ਆਰਜ਼ੀ ਤੌਰ ਉੱਤੇ ਛਾਂਗੀ ਕਰੇਗੀ।




ਇੱਕ ਈਮੇਲ ਵਿੱਚ ਕੰਪਨੀ ਨੇ ਆਖਿਆ ਕਿ ਇਹ ਛਾਂਗੀਆਂ 21 ਜੂਨ ਤੋਂ ਪ੍ਰਭਾਵੀ ਹੋਣਗੀਆਂ। ਇਹ ਗੋ ਟਰਾਂਜ਼ਿਟ ਤੇ ਯੂਨੀਅਨ ਪੀਅਰਸਨ ਐਕਸਪ੍ਰੈਸ ਦੀ ਵਰਕਫੋਰਸ ਦਾ 20 ਫੀ ਸਦੀ ਹਿੱਸਾ ਹੋਣਗੀਆਂ। ਇਹ ਦੋਵੇਂ ਰੇਲ ਸਰਵਿਸਿਜ਼ ਮੈਟਰੋਲਿੰਕਸ ਟਰਾਂਜ਼ਿਟ ਏਜੰਸੀ ਦੀ ਮਲਕੀਅਤ ਹਨ।

ਬੰਬਾਰਡੀਅਰ ਨੇ ਆਖਿਆ ਕਿ ਮਹਾਂਮਾਰੀ ਕਾਰਨ ਰਾਈਡਰਸ਼ਿਪ 90 ਫੀ ਸਦੀ ਘੱਟ ਗਈ ਹੈ। ਇਸ ਕਾਰਨ ਕਾਰੋਬਾਰ ਠੱਪ ਹੋ ਗਏ ਹਨ, ਵਰਕਰਜ਼ ਦੀਆਂ ਛਾਂਗੀਆਂ ਕੀਤੀਆਂ ਜਾ ਰਹੀਆਂ ਹਨ ਤੇ ਘਰ ਤੋਂ ਹੀ ਕੰਮ ਕਰਨ ਵਰਗੀਆਂ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ। ਹਵਾਈ ਸਫਰ ਕਰਨ ਵਾਲਿਆਂ ਦੀ ਗਿਣਤੀ ਵਿੱਚ ਵੀ ਕਮੀ ਆਈ ਹੈ।

# ਟੋਰਾਂਟੋ ਵਿੱਚ ਫੂਡ ਵੈਂਡਰਜ਼ ਤੇ ਆਈਸ ਕ੍ਰੀਮ ਟਰੱਕਸ ਨੂੰ ਆਪਰੇਟ ਕਰਨ ਦੀ ਮਿਲੀ ਇਜਾਜ਼ਤ

ਟੋਰਾਂਟੋ, 4 ਜੂਨ (ਪੋਸਟ ਬਿਊਰੋ) : ਅੱਜ ਤੋਂ ਟੋਰਾਂਟੋ ਵਿੱਚ ਲਾਇਸੰਸਸ਼ੁਦਾ ਸਟਰੀਟ ਫੂਡ ਵੈਂਡਰਜ਼ ਤੇ ਆਈਸ ਕ੍ਰੀਮ ਟਰੱਕਸ ਨੂੰ ਆਪਰੇਟ ਕਰਨ ਦੀ ਇਜਾਜ਼ਤ ਮਿਲ ਜਾਵੇਗੀ। ਇਹ ਐਲਾਨ ਮੇਅਰ ਜੌਹਨ ਟੋਰੀ ਨੇ ਕੀਤਾ।

ਸਾਰੇ ਆਪਰੇਟਰਜ਼ ਨੂੰ ਫਿਜ਼ੀਕਲ ਡਿਸਟੈਂਸਿੰਗ ਵਾਲੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਤੇ ਆਪਣੇ ਸਟਾਫ ਨੂੰ ਬਿਲਕੁਲ ਸਹੀ ਹੈਲਥ ਤੇ ਸੇਫਟੀ ਗਾਈਡਲਾਈਨਜ਼ ਮੁਹੱਈਆ ਕਰਵਾਉਣੀਆਂ ਹੋਣਗੀਆਂ। ਟੋਰੀ ਨੇ ਇਹ ਵੀ ਆਖਿਆ ਕਿ ਅਗਲੇ ਕੁੱਝ ਦਿਨਾਂ ਵਿੱਚ ਹੀ ਅਸੀਂ




ਇਹ ਜਾਣਕਾਰੀ ਵੀ ਦੇਵਾਂਗੇ ਕਿ ਜਦੋਂ ਰੈਸਟੋਰੈਂਟਸ ਨੂੰ ਮੁੜ ਖੋਲ੍ਹੇ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ ਤਾਂ ਉਹ ਕਿਸ ਤਰ੍ਹਾਂ ਆਪਣੇ ਕਸਟਮਰਜ਼ ਲਈ ਖੁੱਲ੍ਹੀ ਥਾਂ ਮੁਹੱਈਆ ਕਰਵਾ ਸਕਣਗੇ ਤਾਂ ਕਿ ਸੋਸ਼ਲ ਡਿਸਟੈਂਸਿੰਗ ਵਾਲੇ ਨਿਯਮ ਦੀ ਪਾਲਣਾ ਹੋ ਸਕੇ।

ਬੁੱਧਵਾਰ ਨੂੰ ਟੋਰਾਂਟੋ ਵਿੱਚ ਕਰੋਨਾਵਾਇਰਸ ਦੇ 139 ਹੋਰ ਮਾਮਲੇ ਸਾਹਮਣੇ ਆਏ। ਹੁਣ ਇੱਥੇ ਕੋਵਿਡ-19 ਮਾਮਲਿਆਂ ਦੀ ਗਿਣਤੀ 11,652 ਹੋ ਗਈ ਹੈ। ਦਸ ਹੋਰ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਇੱਥੇ ਮਰਨ ਵਾਲਿਆਂ ਦੀ ਕੁੱਲ ਗਿਣਤੀ 845 ਤੱਕ ਅੱਪੜ ਚੁੱਕੀ ਹੈ। 8948 ਲੋਕ ਸਿਹਤਯਾਬ ਹੋ ਚੁੱਕੇ ਹਨ।

# ਓਨਟਾਰੀਓ ਹੈਲਥ ਡਾਟਾ ਪਲੇਟਫਾਰਮ ਲਈ ਫਿਲਪੌਟ ਨੂੰ ਨਿਯੁਕਤ ਕੀਤਾ ਗਿਆ ਸਪੈਸ਼ਲ ਐਡਵਾਈਜ਼ਰ

ਓਨਟਾਰੀਓ, 4 ਜੂਨ (ਪੋਸਟ ਬਿਊਰੋ) : ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਸਾਬਕਾ ਫੈਡਰਲ ਕੈਬਨਿਟ ਮੰਤਰੀ ਜੇਨ ਫਿਲਪੌਟ ਨੂੰ ਓਨਟਾਰੀਓ ਹੈਲਥ ਡਾਟਾ ਪਲੇਟਫਾਰਮ ਲਈ ਪ੍ਰੋਵਿੰਸ ਦੀ ਸਪੈਸ਼ਲ ਐਡਵਾਈਜ਼ਰ ਨਿਯੁਕਤ ਕੀਤਾ ਗਿਆ ਹੈ।

ਡਾ. ਫਿਲਪੌਟ, ਫੈਮਿਲੀ ਡਾਕਟਰ ਤੇ ਜਸਟਿਨ ਟਰੂਡੋ ਸਰਕਾਰ ਵਿੱਚ ਸਾਬਕਾ ਸਿਹਤ ਮੰਤਰੀ ਰਹਿ ਚੁੱਕੇ ਹਨ। ਇਸ ਦੇ ਨਾਲ ਹੀ ਡਾ. ਫਿਲਪੌਟ ਓਨਟਾਰੀਓ ਦੀ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਖਜਾਨਾ ਬੋਰਡ ਦੇ ਪ੍ਰੈਜ਼ੀਡੈਂਟ ਪੀਟਰ ਬੈਥਨਫੈਲਵੀ ਨੂੰ ਸਲਾਹ ਦੇਣ ਲਈ 15 ਹੈਲਥ ਮਾਹਿਰਾਂ, ਵਕੀਲਾਂ ਤੇ ਹੋਰਨਾਂ ਦੇ ਇੱਕ ਸਾਂਝੇ ਪਲੇਟਫਾਰਮ ਦੀ ਚੇਅਰ ਵੀ ਹੋਵੇਗੀ। ਡਾ. ਫਿਲਪੌਟ ਦੀ ਇਹ ਦੋ ਸਾਲਾਂ ਦੇ ਕਾਰਜਕਾਲ ਵਿੱਚ ਉਨ੍ਹਾਂ ਨੂੰ ਕੋਈ ਤਨਖਾਹ ਨਹੀਂ ਦਿੱਤੀ ਜਾਵੇਗੀ ਤੇ ਸਰਕਾਰ ਇਸ ਪਲੇਟਫਾਰਮ ਨੂੰ ਜੁਲਾਈ ਤੱਕ ਲਾਂਚ ਕਰਨ ਦੀ ਉਮੀਦ ਕਰ ਰਹੀ ਹੈ।

ਡਾ. ਫਿਲਪੌਟ ਨੇ ਡਾਟਾ ਪਲੇਟਫਾਰਮ ਨੂੰ ਅਹਿਮ ਪੇਸ਼ਕਦਮੀ ਦੱਸਿਆ। ਉਨ੍ਹਾਂ ਆਖਿਆ ਕਿ ਉਹ ਇਸ ਵਾਇਰਸ ਦੇ ਸਮਾਜਕ-ਆਰਥਿਕ ਤੇ ਨਸਲੀ ਅਸਰ ਬਾਰੇ ਹੋਰ ਅਧਿਐਨ ਕਰਨਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਮਹਾਂਮਾਰੀ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਬਹੁਤ ਕਿਸਮ ਦੀ ਜਾਣਕਾਰੀ ਨੂੰ ਇੱਕ ਥਾਂ ਉੱਤੇ ਜੁਟਾਉਣਾ ਬੇਹੱਦ ਜ਼ਰੂਰੀ ਹੈ। ਫਿਲਪੌਟ ਨੇ ਆਖਿਆ ਕਿ ਇਸ ਸਭ ਵਾਸਤੇ ਕੋਈ ਭੂਮਿਕਾ ਨਿਭਾਅ ਕੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਕੀਤਾ ਜਲਸਾ ਨਾ ਕੀਤੀ ਹੈ ਕੋਈ ਬੈਠਕ,
ਚਰਚਾ ਸਿੱਧੂ ਨਵਜੋਤ ਦੀ ਛਿੜੀ ਹੈ ਜੀ।
ਕਈ ਨੇ ਆਖਦੇ ਖਬਰ ਵਿੱਚ ਤੱਤ ਨਾਹੀਂ,
ਐਵੇਂ ਕਿਸੇ ਉਡਾਈ ਆਹ ਚਿੜੀ ਹੈ ਜੀ।
ਕੋਈ ਕਹਿੰਦਾ ਈ ਪਹੁੰਚ ਤਾਂ ਗਈ ਕੀਤੀ,
ਚਕਰੀ ਚੱਜ ਦੇ ਨਾਲ ਨਹੀਂ ਗਿੜੀ ਹੈ ਜੀ।
ਕੋਈ 'ਪੀ ਕੇ' ਹੈ ਸੁਣੀਂਦਾ ਜ਼ੋਰ ਲਾਉਂਦਾ,
ਗੱਲ ਥੋੜ੍ਹੀ ਜਿਹੀ ਅੱਗੇ ਨੂੰ ਰਿੜ੍ਹੀ ਹੈ ਜੀ।
ਪੀ ਕੇ ਇੱਕ ਹੈ ਚੋਣਾਂ ਦਾ ਮਾਹਰ ਸੁਣਿਆ,
ਪੀ ਕੇ ਹੋਰ ਕੋਈ ਸੁਣੀਂਦਾ ਆ ਗਿਆ ਈ।
ਜਾਂਦਾ ਈ ਜਾਵੇ ਜਾਂ ਨਹੀਂ ਨਵਜੋਤ ਸਿੱਧੂ,
ਖਬਰਾਂ ਵਿੱਚ ਤਾਂ ਫੇਰ ਤੋਂ ਛਾ ਗਿਆ ਈ।

**ਤੀਸ ਮਾਰ ਖਾਂ**

# ਚੋਣਾਂ ਲੜਨ ਦੇ ਮਾਹਰ 'ਪੀ ਕੇ' ਦੀ ਭੂਮਿਕਾ ਬਾਰੇ ਕਾਂਗਰਸ ਵਿੱਚ ਖਿੱਚੋਤਾਣ

ਚੰਡੀਗੜ੍ਹ, 4 ਜੂਨ, (ਪੋਸਟ ਬਿਊਰੋ)- ਭਾਰਤ ਵਿੱਚ ਚੋਣਾਂ ਲੜਨ ਦੇ ਮਾਹਰ ਸਮਝੇ ਜਾਂਦੇ ਪ੍ਰਸ਼ਾਂਤ ਕਿਸ਼ੋਰ ਉਰਫ 'ਪੀ ਕੇ' ਦੀ ਭੂਮਿਕਾ ਬਾਰੇ ਕਾਂਗਰਸ ਪਾਰਟੀ ਵਿੱਚ ਖਿੱਚੋਤਾਣ ਚੱਲ ਪਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇੱਕ ਵਾਰ ਫਿਰ ਅਗਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਦੀ ਰਣਨੀਤੀ ਘੜਨ ਲਈ ਫਿਰ ਪੀ ਕੇ ਨਾਲ ਗੱਠਜੋੜ ਕਰ ਲੈਣ ਨੂੰ ਠੀਕ ਸਮਝਦੇ ਹਨ। ਇਸ ਸੋਚ ਬਾਰੇ ਉਨ੍ਹਾਂ ਦੀ ਰਾਏ ਤੋਂ ਕਾਂਗਰਸ ਹਾਈ ਕਮਾਨ ਖੁਸ਼ ਨਹੀਂ।

*** ਪਾਰਟੀ ਹਾਈ ਕਮਾਨ ਕੈਪਟਨ ਨਾਲ ਨਾਰਾਜ਼ ਦੱਸੀ ਗਈ**

ਮਿਲੀ ਜਾਣਕਾਰੀ ਅਨੁਸਾਰ ਪੀ ਕੇ ਦੀ ਭੂਮਿਕਾ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪਾਰਟੀ ਵੱਲੋਂ ਇਸ ਰਾਜ ਦੀ ਇੰਚਾਰਜ ਆਸ਼ਾ ਕੁਮਾਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵਿਚਾਲੇ ਬੈਠਕ ਲਈ ਆਸ਼ਾ ਕੁਮਾਰੀ ਪਿਛਲੇ ਦੋ ਦਿਨ ਚੰਡੀਗੜ੍ਹ ਵਿੱਚ ਸੀ। ਪਤਾ ਲੱਗਾ ਹੈ ਕਿ ਪ੍ਰਦੇਸ਼ ਇੰਚਾਰਜ ਆਸ਼ਾ ਕੁਮਾਰੀ



ਬੁੱਧਵਾਰ ਨੂੰ ਚੰਡੀਗੜ੍ਹ ਪੁੱਜੀ ਤੇ ਸੁਨੀਲ ਜਾਖੜ ਵੀ ਦਿੱਲੀ ਤੋਂ ਆ ਗਏ। ਫਿਰ ਆਸ਼ਾ ਕੁਮਾਰੀ ਤੇ ਜਾਖੜ ਵਿਚਾਲੇ ਲੰਬੀ ਬੈਠਕ ਤੋਂ ਬਾਅਦ ਇਹ ਦੋਵੇਂ ਜਣੇ ਅੱਜ ਮੁੱਖ ਮੰਤਰੀ ਦੇ ਸਿਸਵਾਂ ਵਾਲੇ ਫਾਰਮ ਹਾਊਸ ਉੱਤੇ ਲੰਚ ਵੇਲੇ ਇਕੱਠੇ ਹੋਏ। ਓਥੇ ਕੇਂਦਰ ਸਰਕਾਰ ਦੀ ਖੇਤੀ ਨੀਤੀ ਤੇ ਪੰਜਾਬ ਦੇ ਸਿਆਸੀ ਹਾਲਾਤ ਦੇ ਨਾਲ ਪ੍ਰਸ਼ਾਂਤ ਕਿਸ਼ੋਰ ਦਾ ਮੁੱਦਾ ਵਿਚਾਰ ਹੇਠ ਆਇਆ। ਮੁੱਖ ਮੰਤਰੀ ਨੇ 2022 ਵਿੱਚ ਪੀ ਕੇ ਦੀਆਂ ਸੇਵਾਵਾਂ ਫਿਰ ਲੈਣ ਬਾਰੇ ਇੱਛਾ ਪ੍ਰਗਟ ਕੀਤੀ ਸੀ, ਪਰ ਪਾਰਟੀ ਹਾਈ ਕਮਾਨ ਇਸ ਗੱਲ ਤੋਂ ਨਾਰਾਜ਼ ਹੈ ਕਿ ਕੈਪਟਨ ਅਮਰਿੰਦਰ ਸਿੰਘ ਵਿਧਾਨ ਸਭਾ ਚੋਣ ਬਾਰੇ ਆਪਣੇ ਆਪ ਫੈਸਲੇ ਕਿਵੇਂ ਕਰ ਸਕਦੇ ਹਨ। ਹਾਈ ਕਮਾਨ ਨੂੰ ਇਸ ਗੱਲ ਦੀ ਵੀ ਚਿੰਤਾ ਕਿ ਪੀ ਕੇ ਅੱਜਕੱਲ੍ਹ ਨਵਜੋਤ ਸਿੰਘ ਸਿੱਧੂ ਨੂੰ ਆਮ ਆਦਮੀ ਪਾਰਟੀ ਵਿੱਚ ਲਿਜਾਣ ਦੇ ਯਤਨ ਵੀ ਕਰ ਰਿਹਾ ਹੈ, ਜਿਸ ਨਾਲ ਕਾਂਗਰਸ ਦੇ ਮੁਕਾਬਲੇ ਦੀ ਧਿਰ ਖੜੀ ਹੋ ਸਕਦੀ ਹੈ।

ਚੰਡੀਗੜ੍ਹ ਵਿਚਲੇ ਉੱਚ ਪੱਧਰੀ ਸੂਤਰਾਂ ਮੁਤਾਬਕ ਇਹ ਸਾਰਾ ਕੁਝ ਓਦੋਂ ਵਾਪਰਿਆ ਹੈ, ਜਦੋਂ ਸਾਲ 2022 ਬਾਰੇ ਪਾਰਟੀ ਦੇ ਦੂਸਰੀ ਪਾਲ ਦੇ ਆਗੂ ਬੋਲਣ ਲੱਗ ਪਏ ਹਨ। ਇਸ ਨਾਲ ਇਹ ਸ਼ੱਕ ਵੀ ਪੈਦਾ ਕੀਤਾ ਜਾ ਰਿਹਾ ਹੈ ਕਿ ਅਗਲੀ ਵਾਰੀ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਪਾਰਟੀ ਦੀ ਕਮਾਨ ਸਾਂਭਣਗੇ ਜਾਂ ਨਹੀਂ। ਇਸ ਹਾਲਤ ਵਿੱਚ ਜੇ ਉਹ ਅਗਲੀਆਂ ਚੋਣਾਂ ਬਾਰੇ ਪੀ ਕੇ ਨੂੰ ਗੰਢ ਲੈਣ ਤਾਂ ਸਾਫ ਹੋਵੇਗਾ ਕਿ ਅਗਲੀ ਵਾਰੀ ਵੀ ਉਹੀ ਅਗਵਾਈ ਕਰਨਗੇ।

# ਕੋਰੋਨਾ ਲਾਕਡਾਊਨ: ਕਰਜ਼ਾ ਕਿਸ਼ਤਾਂ ਛੱਡਣ, ਪਰ ਵਿਆਜ ਲੈਣ ਦੇ ਫੈਸਲੇ ਤੋਂ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ, 4 ਜੂਨ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਲਾਏ ਗਏ ਲਾਕਡਾਊਨ ਦੇ ਦੌਰਾਨ ਛੇ ਮਹੀਨੇ ਦੇ ਮੋਰਾਟੋਰੀਅਮ (ਆਰਥਿਕ ਛੋਟਾਂ) ਵਾਲੇ ਸਮੇਂ ਦੌਰਾਨ ਕਰਜ਼ੇ ਦੀਆਂ ਕਿਸ਼ਤਾਂ ਉੱਤੇ ਵਿਆਜ ਵਸੂਲਦੇ ਰਹਿਣ ਦੇ ਖਿਲਾਫ ਦਾਇਰ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ ਆਰਥਿਕ ਪੱਖ ਲੋਕਾਂ ਦੀ ਸਿਹਤ ਤੋਂ ਵੱਡਾ ਨਹੀਂ ਹੋ ਸਕਦਾ। ਕੋਰਟ ਨੇ ਇਹ ਟਿੱਪਣੀ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਉਸ ਜਵਾਬ ਉੱਤੇ ਕੀਤੀ ਹੈ, ਜਿਸ ਵਿਚ ਆਰ ਬੀ ਆਈ ਨੇ ਇਹ ਕਿਹਾ ਸੀ ਕਿ ਮੋਰਾਟੋਰੀਅਮ ਵਿਚ ਵਿਆਜ ਛੱਡਿਆ ਤਾਂ ਬੈਂਕਿੰਗ ਸਿਸਟਮ ਨੂੰ ਦੋ ਲੱਖ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਵੇਗਾ। ਇਸ ਸੰਬੰਧ ਵਿਚ ਸੁਪਰੀਮ ਕੋਰਟ ਨੇ ਵਿੱਤ ਮੰਤਰਾਲਾ ਨੂੰ ਵੀ ਅਗਲੀ ਅਦਾਲਤੀ ਪੇਸ਼ੀ ਮੌਕੇ ਆਪਣਾ ਜਵਾਬ ਦਾਖਲ ਕਰਨ ਲਈ ਕਿਹਾ ਹੈ।

ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਇਸ ਕੇਸ ਦੀ ਸੁਣਵਾਈ ਮੌਕੇ ਕਿਹਾ ਕਿ ਇਹ ਆਮ

*** ਅਦਾਲਤ ਵੱਲੋਂ ਰਿਜ਼ਰਵ ਬੈਂਕ ਨੂੰ ਵੀ ਝਾੜਾਂ**



ਸਮਾਂ ਨਹੀਂ, ਇਕ ਪਾਸੇ ਤੁਸੀਂ ਮੋਰਾਟੋਰੀਅਮ ਦੀ ਸਹੂਲਤ ਦੇ ਰਹੇ ਹੋ, ਦੂਸਰੇ ਪਾਸੇ ਇਸ ਮਿਆਦ ਦਾ ਵਿਆਜ ਵਸੂਲ ਰਹੇ ਹੋ। ਇਸ ਮਿਆਦ ਵਿਚ ਵਿਆਜ ਵਿਚ ਰਾਹਤ ਨਾ ਦੇਣਾ ਵਧੇਰੇ ਖਤਰਨਾਕ ਹੈ ਤੇ ਇਹ ਬਹੁਤ ਗੰਭੀਰ ਮੁੱਦਾ ਹੈ। ਅਦਾਲਤ ਨੇ ਕਿਹਾ ਕਿ ਇਸ ਕੇਸ ਵਿਚ ਦੋ ਵੱਡੇ ਮੁੱਦੇ ਹਨ। ਇੱਕ ਮੋਰਾਟੋਰੀਅਮ ਮਿਆਦ ਵਿਚ ਕੋਈ ਵਿਆਜ ਨਹੀਂ ਤੇ ਦੂਜਾ ਵਿਆਜ ਉੱਤੇ ਵੀ ਕੋਈ ਵਿਆਜ ਨਹੀਂ।

ਇਸ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਭਾਰਤ ਦੇ ਵਿੱਤ ਮੰਤਰਾਲੇ ਤੋਂ ਵੀ ਪੁੱਛਿਆ ਕਿ ਕੀ ਵਿਆਜ ਮੁਆਫ ਕੀਤਾ ਜਾ ਸਕਦਾ ਹੈ ਜਾਂ ਮੋਰਾਟੋਰੀਅਮ ਦੀ ਮਿਆਦ ਦੌਰਾਨ ਜਾਰੀ ਰਹੇਗਾ? ਜਵਾਬ ਵਿੱਚ ਕੇਂਦਰ ਸਰਕਾਰ ਵਲੋਂ ਪੇਸ਼



ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਹ ਇਸ ਬਾਰੇ ਵਿੱਤ ਮੰਤਰਾਲਾ ਨਾਲ ਵਿਚਾਰ ਕਰ ਕੇ ਦੋਵਾਂ ਮੁੱਦਿਆਂ ਉੱਤੇ ਵੱਖਰਾ ਜਵਾਬ ਦੇਣਗੇ। ਅਦਾਲਤ ਨੇ ਉਨ੍ਹਾ ਨੂੰ ਇਨ੍ਹਾਂ ਦੋ ਮੁੱਦਿਆਂ ਉੱਤੇ 12 ਜੂਨ ਤੋਂ ਪਹਿਲਾਂ ਜਵਾਬ ਪੇਸ਼ ਕਰਨ ਦੀ ਆਗਿਆ ਦੇ ਦਿੱਤੀ। ਇਸ ਕੇਸ ਦੀ ਅਗਲੀ ਸੁਣਵਾਈ 12 ਜੂਨ ਨੂੰ ਹੋਵੇਗੀ। ਵਰਨਣ ਯੋਗ ਹੈ ਕਿ ਆਰ ਬੀ ਆਈ ਵਲੋਂ ਮੋਰਾਟੋਰੀਅਮ ਦੀ ਸਹੂਲਤ ਦੇਣ ਦੇ ਖਿਲਾਫ ਸੁਪਰੀਮ ਕੋਰਟ ਵਿਚ ਕਈ ਪਟੀਸ਼ਨਾਂ ਆਈਆਂ ਹਨ। ਸੁਪਰੀਮ ਕੋਰਟ ਇਸ ਸਮੇਂ ਆਗਰਾ ਦੇ ਗਜੇਂਦਰ ਸ਼ਰਮਾ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਹੈ।

ਇਸ ਤੋਂ ਪਹਿਲਾਂ ਕੇਸ ਦੀ ਸੁਣਵਾਈ ਸ਼ੁਰੂ ਹੋਣ ਵੇਲੇ ਸੁਪਰੀਮ ਕੋਰਟ ਨੇ ਆਰ ਬੀ ਆਈ ਦਾ ਜਵਾਬ ਕੋਰਟ ਵਿਚ ਪੇਸ਼ ਹੋਣ ਤੋਂ ਪਹਿਲਾਂ ਮੀਡੀਆ ਵਿਚ ਜਾਣ ਉੱਤੇ ਚਿੰਤਾ ਜ਼ਾਹਰ ਕੀਤੀ। ਕੋਰਟ ਨੇ ਇਹ ਪੁੱਛਿਆ ਕਿ ਕੀ ਆਰ ਬੀ ਆਈ ਨੇ ਪਹਿਲਾਂ ਮੀਡੀਆ ਨੂੰ ਰਿਪੋਰਟ ਦਿੱਤੀ ਤੇ ਪਿੱਛੋਂ ਕੋਰਟ ਵਿਚ ਲਿਆਂਦੀ ਹੈ? ਅਦਾਲਤ ਨੇ ਆਰ ਬੀ ਆਈ ਨੂੰ ਚਿਤਾਵਨੀ ਦਿੱਤੀ ਕਿ ਭਵਿੱਖ ਵਿਚ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

ਅਸਲ ਵਿੱਚ ਕੋਰੋਨਾ ਇਨਫੈਕਸ਼ਨ ਦੇ ਕਾਰਨ ਲਾਕਡਾਊਨ ਦੌਰਾਨ ਹੋਏ ਆਰ ਬੀ ਆਈ ਨੇ ਮਾਰਚ ਵਿਚ ਕਰਜ਼ੇ ਦੀ ਕਿਸ਼ਤ ਦੇਣ ਤੋਂ 3 ਮਹੀਨੇ ਤੱਕ ਦੀ ਛੋਟ ਦਿੱਤੀ ਸੀ, ਜਿਹੜੀ ਮਾਰਚ ਤੋਂ ਮਈ ਤੱਕ ਸੀ। ਮਈ ਵਿਚ ਆਰ ਬੀ ਆਈ ਨੇ ਫਿਰ ਮੋਰਾਟੋਰੀਅਮ ਤਿੰਨ ਮਹੀਨੇ ਵਧਾ ਕੇ 31 ਅਗਸਤ ਤੱਕ ਛੋਟ ਦੇ ਦਿੱਤੀ। ਓਦੋਂ ਇਹ ਐਲਾਨ ਕਰਦੇ ਹੋਏ ਆਰ ਬੀ ਆਈ ਨੇ ਸਾਫ ਕਿਹਾ ਸੀ ਕਿ ਇਸ ਸਹੂਲਤ ਲਈ ਕਰਜ਼ੇ ਦਾ ਸਿਰਫ ਕਿਸ਼ਤ ਦਾ ਭੁਗਤਾਨ ਟਾਲਿਆ ਹੈ। ਆਰ ਬੀ ਆਈ ਨੇ ਕਿਹਾ ਸੀ ਕਿ ਜੋ ਕਰਜ਼ਦਾਰ ਛੋਟ ਦਾ ਲਾਭ ਲੈਣਗੇ, ਉਨ੍ਹਾਂ ਨੂੰ ਇਸ ਸਮੇਂ ਦੇ ਵਿਆਜ ਦਾ ਭੁਗਤਾਨ ਕਰਨਾ ਹੋਵੇਗਾ।

## ਭਾਰਤ ਵਿੱਚ ਕੋਰੋਨਾ ਦੇ 9304 ਨਵੇਂ ਕੇਸ ਇੱਕੋ ਦਿਨ ਮਿਲੇ, ਮੌਤਾਂ ਦੀ ਗਿਣਤੀ 6363 ਨੂੰ ਪੁੱਜੀ

ਨਵੀਂ ਦਿੱਲੀ, 4 ਜੂਨ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਇਨਫੈਕਸ਼ਨ ਦੇ ਲਗਾਤਾਰ ਵਧ ਰਹੇ ਕੇਸਾਂ ਨੇ ਚਿੰਤਾ ਵਧਾ ਦਿੱਤੀ ਹੈ। ਅੱਜ ਵੀਰਵਾਰ ਇੱਕੋ ਦਿਨ ਨੌਂ ਹਜ਼ਾਰ ਤੋਂ ਵੱਧ ਕੇਸ ਨਵੇਂ ਨਿਕਲ ਆਏ ਹਨ। ਇਹ ਪਹਿਲੀ ਵਾਰ ਹੋਇਆ ਹੈ ਕਿ ਇੱਕੋ ਵਾਰ ਏਨੀ ਵੱਡੀ ਗਿਣਤੀ ਵਿੱਚ ਕੋਰੋਨਾ ਦੇ ਕੇਸ ਭਾਰਤ ਵਿੱਚ ਨਵੇਂ ਪਤਾ ਲੱਗੇ ਹਨ।

ਇਸ ਦੌਰਾਨ ਮਹਾਰਾਸ਼ਟਰ, ਦਿੱਲੀ, ਤਾਮਿਲ ਨਾਡੂ ਤੇ ਗੁਜਰਾਤ ਆਦਿ ਰਾਜਾਂ ਵਿੱਚ ਨਵੇਂ ਕੇਸ ਲਗਾਤਾਰ ਵਧੀ ਜਾ ਰਹੇ ਹਨ। ਬੀਤੇ ਚੌਵੀ ਘੰਟਿਆਂ ਵਿੱਚ 9304 ਨਵੇਂ ਕੇਸ ਮਿਲਣ ਨਾਲ ਭਾਰਤ ਵਿੱਚ ਕੁੱਲ ਕੇਸਾਂ ਦੀ ਗਿਣਤੀ ਵਧਦੀ ਹੋਈ 2,26,713 ਹੋ ਗਈ ਹੈ। ਇਸ ਦੌਰਾਨ ਇੱਕੋ ਦਿਨ ਵਿੱਚ 275 ਲੋਕਾਂ ਦੀ ਮੌਤ ਹੋਣ ਨਾਲ ਮੌਤਾਂ ਦੀ ਕੁੱਲ ਗਿਣਤੀ ਵਧ ਕੇ 6363 ਹੋ ਗਈ। ਪਿਛਲੇ ਪੰਜ ਦਿਨਾਂ ਤੋਂ ਲਗਾਤਾਰ ਅੱਠ ਹਜ਼ਾਰ ਤੋਂ ਵੱਧ ਨਵੇਂ ਕੇਸ ਮਿਲ ਰਹੇ ਹਨ।

ਅੱਜ ਵੀਰਵਾਰ ਨੂੰ ਮਹਾਰਾਸ਼ਟਰ ਵਿੱਚ ਸਭ ਤੋਂ ਵੱਧ 123 ਲੋਕਾਂ ਦੀ ਮੌਤ ਹੋਈ ਹੈ। ਗੁਜਰਾਤ ਵਿੱਚ 33, ਤਾਮਿਲ ਨਾਡੂ ਵਿੱਚ 12, ਦਿੱਲੀ ਵਿੱਚ



9, ਬਿਹਾਰ ਅਤੇ ਹਰਿਆਣਾ ਵਿੱਚ 2-2 ਅਤੇ ਉੱਤਰਾਖੰਡ ਵਿੱਚ ਇਕ ਮੌਤ ਹੋਈ ਹੈ। ਸਭ ਤੋਂ ਵੱਧ ਪ੍ਰਭਾਵਤ ਰਾਜ ਮਹਾਰਾਸ਼ਟਰ ਵਿੱਚ ਇਕੋ ਦਿਨ 2933 ਨਵੇਂ ਕੇਸ ਮਿਲੇ ਅਤੇ ਰਾਜ ਵਿੱਚ ਕੁੱਲ ਕੇਸਾਂ ਦੀ ਗਿਣਤੀ ਵਧ ਕੇ 77,793 ਹੋ ਗਈ ਹੈ। ਇਸ ਰਾਜ ਵਿੱਚ ਅੱਜ ਤੱਕ 2710 ਲੋਕਾਂ ਦੀ ਮੌਤ ਹੋਈ ਹੈ। ਗੁਜਰਾਤ ਵਿੱਚ ਕੁੱਲ ਮੌਤਾਂ ਦੀ ਗਿਣਤੀ 1155, ਦਿੱਲੀ ਵਿੱਚ 606, ਮੱਧ ਪ੍ਰਦੇਸ਼ ਵਿੱਚ 371, ਪੱਛਮੀ ਬੰਗਾਲ ਵਿੱਚ 345, ਉੱਤਰ ਪ੍ਰਦੇਸ਼ ਵਿੱਚ 229, ਰਾਜਸਥਾਨ ਵਿੱਚ 209 ਅਤੇ ਤਾਮਿਲ ਨਾਡੂ ਵਿੱਚ 208 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਦੌਰਾਨ ਕੇਰਲ ਵਿੱਚ ਫਿਰ ਕੇਸ ਵਧਣ ਲੱਗੇ ਹਨ ਤੇ ਇੱਕੋ ਦਿਨ ਵਿੱਚ 94 ਕੇਸ ਮਿਲਣ ਦੇ ਨਾਲ ਅੱਜ ਤਿੰਨ ਮੌਤਾਂ ਹੋਣ ਦੀ ਵੀ ਖ਼ਬਰ ਹੈ।

# ਫਲੌਇਡ ਦੀ ਮੈਮੋਰੀਅਲ ਸਰਵਿਸ ਵਿੱਚ ਸੈਲੇਬ੍ਰਿਟੀਜ਼, ਸੰਗੀਤਕਾਰਾਂ ਤੇ ਸਿਆਸੀ ਆਗੂਆਂ ਨੇ ਲਿਆ ਹਿੱਸਾ





ਮਿਨੀਆਪੋਲਿਸ, 4 ਜੂਨ (ਪੋਸਟ ਬਿਊਰੋ) : ਜਾਰਜ ਫਲੌਇਡ ਦੀ ਮੈਮੋਰੀਅਲ ਸਰਵਿਸ ਵਿੱਚ ਅੱਜ ਸੈਲੇਬ੍ਰਿਟੀਜ਼, ਸੰਗੀਤਕਾਰਾਂ ਤੇ ਸਿਆਸੀ ਆਗੂਆਂ ਨੇ ਹਿੱਸਾ ਲਿਆ। ਪੁਲਿਸ ਹਿਰਾਸਤ ਵਿੱਚ ਹੋਈ ਫਲੌਇਡ ਦੀ ਮੌਤ ਤੋਂ ਬਾਅਦ ਦੁਨੀਆ ਭਰ ਵਿੱਚ ਰੋਸ ਮੁਜ਼ਾਹਰਿਆਂ ਦਾ ਸਿਲਸਿਲਾ ਸ਼ੁਰੂ ਹੋਇਆ। ਸਿਵਲ ਰਾਈਟਸ ਆਗੂਆਂ ਵੱਲੋਂ ਹੋਕਾ ਦਿੱਤਾ ਜਾ ਰਿਹਾ ਹੈ ਕਿ ਹੁਣ ਸਿਆਹ ਨਸਲ ਦੇ ਲੋਕਾਂ ਖਿਲਾਫ ਧੱਕੇਸ਼ਾਹੀ, ਵਿਤਕਰਾ ਬੰਦ ਕੀਤਾ ਜਾਵੇ।

ਛੇ ਦਿਨਾਂ ਦੇ ਅਰਸੇ ਵਿੱਚ ਤਿੰਨ ਸ਼ਹਿਰਾਂ ਵਿੱਚੋਂ ਪਹਿਲੀ ਸਰਵਿਸ ਮਿਨੀਆਪੋਲਿਸ ਵਿੱਚ ਨੌਰਥ ਸੈਂਟਰਲ ਯੂਨੀਵਰਸਿਟੀ ਵਿੱਚ ਰੱਖੀ ਗਈ। ਇਸ ਤੋਂ ਕੁਝ ਬਲਾਕ ਦੀ ਦੂਰੀ ਉੱਤੇ ਜੱਜ ਵੱਲੋਂ ਫਲੌਇਡ ਦੇ ਕਤਲ ਵਿੱਚ ਮਦਦ ਕਰਨ ਵਾਲੇ ਨੌਕਰੀ ਤੋਂ ਹੱਥ ਧੁਆ ਚੁੱਕੇ ਤਿੰਨ ਪੁਲਿਸ ਅਧਿਕਾਰੀਆਂ ਨੂੰ ਜ਼ਮਾਨਤ ਹਾਸਲ ਕਰਨ ਲਈ 750,000 ਡਾਲਰ ਦਾ ਮੁਚਲਕਾ ਭਰਨ ਲਈ ਆਖਿਆ ਗਿਆ।

ਇਸ ਮੌਕੇ ਸਿਵਲ ਰਾਈਟਸ ਅਧਿਕਾਰਾਂ ਲਈ ਲੜਨ ਵਾਲੇ ਸਮਾਜ ਸੇਵਕ ਜੈਸੇ ਜੈਕਸਨ, ਸੈਨੇਟਰ ਐਮੀ ਲੋਬੁਚਰ, ਕਈ ਹੋਰ ਕਾਂਗਰਸ ਮੈਂਬਰਾਂ, ਰਿਪਬਲਿਕਨਜ਼ ਵਿੱਚੋਂ ਲਹਾਨ ਓਮਰ, ਸ਼ੀਲਾ ਜੈਕਸਨ ਲੀ ਅਤੇ ਅਯਾਨਾ ਪ੍ਰੈਸਲੇ ਨੇ ਹਿੱਸਾ ਲਿਆ। ਇਸ ਸਰਵਿਸ ਵਿੱਚ ਹਿੱਸਾ ਲੈਣ ਵਾਲੀਆਂ ਹੋਰਨਾਂ ਮਹਾਨ ਹਸਤੀਆਂ ਵਿੱਚ ਟੀਆਈ ਲੁਡੈਕ੍ਰਿਸ, ਟਾਇਰੇਸੇ ਗਿਬਸਨ, ਕੈਵਿਨ ਹਾਰਟ, ਟਿਫਨੀ ਹਾਦਿਸ ਤੇ ਮਰਸਾਈ ਮਾਰਟਿਨ ਸ਼ਾਮਲ ਸਨ। ਇਸ ਸਰਵਿਸ ਵਿੱਚ ਹਿੱਸਾ ਲੈਣ ਵਾਲਿਆਂ ਵਿਚੋਂ ਬਹੁਤਿਆਂ ਨੇ ਮਾਸਕ ਪਾਏ ਹੋਏ ਸਨ, ਜਿਨ੍ਹਾਂ ਵਿਚੋਂ ਕਈਆਂ ਉੱਤੇ ਲਿਖਿਆ ਸੀ "ਆਈ ਕੈਨ ਬ੍ਰੀਦ ਨਾਓ।"

## ਅੱਠ ਜੂਨ ਤੋਂ ਭਾਰਤ ਵਿੱਚ ਧਾਰਮਿਕ ਸਥਾਨ ਅਤੇ ਸ਼ਾਪਿੰਗ ਮਾਲ ਖੁੱਲ੍ਹਣਗੇ

ਨਵੀਂ ਦਿੱਲੀ, 4 ਜੂਨ, (ਪੋਸਟ ਬਿਊਰੋ)- ਭਾਰਤ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਅੱਜ ਵੀਰਵਾਰ ਐਲਾਨ ਕੀਤਾ ਹੈ ਕਿ ਧਾਰਮਿਕ ਅਸਥਾਨ ਤੇ ਸ਼ਾਪਿੰਗ ਮਾਲ ਅੱਠ ਜੂਨ ਤੋਂ ਖੁੱਲ੍ਹ ਸਕਣਗੇ, ਪਰ ਇਸ ਬਾਰੇ ਗਾਈਡਲਾਈਨਾਂ ਜਾਰੀ ਕਰ ਕੇ ਕਿਹਾ ਹੈ ਕਿ ਕਿਸੇ ਵੀ ਧਾਰਮਿਕ ਸਥਾਨ ਵਿੱਚ ਘੰਟੀ ਵਜਾਉਣਾ ਤੇ ਮੂਰਤੀ ਨੂੰ ਛੂਹਣਾ ਮਨ੍ਹਾ ਹੋਵੇਗਾ।

ਇਸ ਬਾਰੇ ਜਾਰੀ ਹੋਈਆਂ ਹਦਾਇਤਾਂ ਵਿੱਚ ਕਿਹਾ ਗਿਆ ਹੈ ਕਿ ਧਾਰਮਿਕ ਅਸਥਾਨਾਂ ਦੇ ਕੰਪਲੈਕਸ ਵਿੱਚ ਜਾਣ ਤੋਂ ਪਹਿਲਾਂ ਹਰ ਕਿਸੇ ਨੂੰ ਆਪਣੇ ਹੱਥ ਅਤੇ ਪੈਰ ਸਾਬੁਣ ਨਾਲ ਧੋਣੇ ਹੋਣਗੇ ਅਤੇ ਮੇਨ ਗੇਟ ਉੱਤੇ ਸਾਰਿਆਂ ਦੇ ਸਰੀਰ ਦਾ ਤਾਪਮਾਨ ਚੈੱਕ ਕੀਤਾ ਜਾਵੇਗਾ ਅਤੇ ਸਿਰਫ ਉਨ੍ਹਾਂ ਨੂੰ ਅੰਦਰ ਜਾਣ ਦਿੱਤਾ ਜਾਵੇਗਾ, ਜਿਨ੍ਹਾਂ ਵਿੱਚ ਕੋਰੋਨਾ ਦਾ ਕੋਈ ਲੱਛਣ ਨਹੀਂ ਹੋਵੇਗਾ। ਫੇਸ ਮਾਸਕ ਤੋਂ ਬਿਨਾ ਕਿਸੇ ਨੂੰ ਅੰਦਰ ਨਹੀਂ ਜਾਣ ਦਿੱਤਾ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ 28 ਨੁਕਤਿਆਂ ਦੀ ਗਾਈਡਲਾਈਨ ਵਿੱਚ ਧਾਰਮਿਕ ਸਥਾਨਾਂ ਵਿੱਚ ਪੂਜਾ-ਪਾਠ ਕਰਨ ਬਾਰੇ ਕਈ ਜ਼ਰੂਰੀ ਗੱਲਾਂ ਕਹੀਆਂ ਗਈਆਂ ਹਨ, ਜਿਨ੍ਹਾਂ ਦਾ ਖਿਆਲ ਰੱਖਣਾ ਹੋਵੇਗਾ। ਹਦਾਇਤਾਂ ਮੁਤਾਬਕ ਹਰ ਧਾਰਮਿਕ ਸਥਾਨ ਉੱਤੇ ਵੱਡੀ ਗਿਣਤੀ ਵਿੱਚ ਲੋਕ ਇੱਕਠੇ ਨਹੀਂ ਹੋਣ ਦਿੱਤੇ ਜਾਣਗੇ ਤੇ ਸਭ ਨੂੰ ਇਕ-ਦੂਸਰੇ ਤੋਂ ਘੱਟੋ-ਘੱਟ 6 ਫੁੱਟ ਦੀ ਦੂਰੀ ਰੱਖਣੀ ਹੋਵੇਗੀ। ਧਾਰਮਿਕ ਸਥਾਨ ਦੇ ਅੰਦਰ ਜਾਣ ਤੋਂ ਪਹਿਲਾਂ ਹਰ ਕਿਸੇ ਦੀ ਥਰਮਲ ਸਕ੍ਰੀਨਿੰਗ ਜਾਵੇਗੀ। ਜਿਸ ਕਿਸੇ ਨੂੰ ਖਾਂਸੀ, ਜੁਖਾਮ, ਬੁਖਾਰ ਹੋਵੇ, ਉਸ ਨੂੰ ਰੋਕ ਦਿੱਤਾ ਜਾਵੇਗਾ। ਹਰ ਧਾਰਮਿਕ ਅਦਾਰੇ ਨੂੰ ਆਪਣੇ ਕੰਪਲੈਕਸ ਵਿੱਚ ਕੋਵਿਡ-19 ਬਾਰੇ ਜਾਣਕਾਰੀ ਦੇ ਪੋਸਟਰ, ਬੈਨਰ ਆਦਿ ਲਾਉਣੇ ਹੋਣਗੇ ਤੇ ਵੀਡੀਓ ਚਾਲੂ ਕਰਨੀ ਹੋਵੇਗੀ, ਤਾਂ ਕਿ ਲੋਕ ਮੁੱਖ ਅਸਥਾਨ ਤੋਂ ਬਾਹਰ ਬੈਠ ਕੇ ਵੇਖ ਸਕਣ। ਸ਼ਰਧਾਲੂਆਂ ਨੂੰ ਜੁੱਤੀਆਂ, ਚੱਪਲਾਂ ਆਪਣੀ ਗੱਡੀ ਵਿੱਚ ਲਾਹੁਣੀਆਂ ਪੈਣਗੀਆਂ ਤੇ ਜੇ ਇਹ ਪ੍ਰਬੰਧ ਨਹੀਂ ਤਾਂ ਕੰਪਲੈਕਸ ਤੋਂ ਦੂਰ ਆਪਣੀ ਨਿਗਰਾਨੀ ਵਿੱਚ ਰੱਖਣੀਆਂ ਹੋਣਗੀਆਂ। ਜੇ ਵੱਧ ਭੀੜ ਆਵੇ ਤਾਂ ਸੋਸ਼ਲ ਡਿਸਟੈਂਸਿੰਗ ਲਈ ਕ੍ਰਾਊਡ ਮੈਨਜਮੈਂਟ ਕਰਨੀ ਹੋਵੇਗੀ। ਏਥੋਂ ਤੱਕ ਕਿ ਓਥੇ ਏ ਸੀ ਚਲਾਉਣ ਲਈ ਵੀ ਹਦਾਇਤ ਮੰਨਣੀ ਹੋਵੇਗੀ ਤੇ ਤਾਪਮਾਨ 24 ਤੋਂ 30 ਡਿਗਰੀ ਰੱਖਣਾ ਹੋਵੇਗਾ।


ਸਭ ਤੋਂ ਵੱਡੀ ਗੱਲ ਕਿ ਸ਼ਰਧਾਲੂਆਂ ਨੂੰ ਮੂਰਤੀਆਂ, ਕਿਤਾਬਾਂ, ਘੰਟੀ, ਦੀਵਾਰਾਂ ਨੂੰ ਛੂਹਣ ਦੀ ਪੂਰੀ ਤਰ੍ਹਾਂ ਪਾਬੰਦੀ ਹੋਵੇਗੀ। ਲੋਕ ਓਥੇ ਗਰੁੱਪਾਂ ਵਿੱਚ ਬੈਠ ਕੇ ਗਾਇਨ-ਭਜਨ ਦੇ ਪ੍ਰੋਗਰਾਮ ਵੀ ਨਹੀਂ ਕਰ ਸਕੋਗੇ।

## ਤਬਲੀਗੀ ਜਮਾਤ ਦੇ 2200 ਵਿਦੇਸ਼ੀ ਮੈਂਬਰ ਭਾਰਤ ਨੇ 10 ਸਾਲਾਂ ਲਈ ਬਲੈਕਲਿਸਟ ਕੀਤੇ

ਨਵੀਂ ਦਿੱਲੀ, 4 ਜੂਨ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਉਨ੍ਹਾਂ ਸਾਰੇ 2200 ਵਿਦੇਸ਼ੀ ਨਾਗਰਿਕਾਂ ਨੂੰ ਬਲੈਕਲਿਸਟ ਕਰ ਦਿੱਤਾ ਹੈ, ਜਿਹੜੇ ਨਿਜ਼ਾਮੂਦੀਨ ਦੇ ਤਬਲੀਗੀ ਮਰਕਜ਼ ਵਿੱਚ ਜਮਾਤ ਦੇ ਪ੍ਰੋਗਰਾਮ ਵਿੱਚ ਆਏ ਸਨ। ਇਸ ਆਦੇਸ਼ ਅਨੁਸਾਰ ਇਹ ਸਾਰੇ ਲੋਕ ਅਗਲੇ 10 ਸਾਲ ਭਾਰਤ ਨਹੀਂ ਆ ਸਕਣਗੇ। ਇਹ ਵਿਦੇਸ਼ੀ ਨਾਗਰਿਕ ਆਮ ਕਰ ਕੇ ਇੰਡੋਨੇਸ਼ੀਆ, ਮਲੇਸ਼ੀਆ, ਥਾਈਲੈਂਡ, ਨੇਪਾਲ, ਮਿਆਂਮਾਰ, ਬੰਗਲਾਦੇਸ਼, ਸ੍ਰੀਲੰਕਾ ਤੇ ਕਿਰਗਿਸਤਾਨ ਵਰਗੇ ਦੇਸ਼ਾਂ ਤੋਂ ਭਾਰਤ ਵਿੱਚ ਤਬਲੀਗੀ ਜਮਾਤ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਸਨ।

ਵਰਨਣ ਯੋਗ ਹੈ ਕਿ ਮਾਰਚ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਦਿੱਲੀ ਵਿੱਚ ਧਾਰਮਿਕ ਸਮਾਗਮਾਂ ਉੱਤੇ ਪਾਬੰਦੀ ਦੇ ਬਾਵਜੂਦ ਤਬਲੀਗੀ ਜਮਾਤ ਨਾਲ ਜੁੜੇ ਲਗਭਗ 2361 ਲੋਕ ਕਈ ਦਿਨ ਓਥੇ ਨਿਜ਼ਾਮੂਦੀਨ ਦੇ ਮਰਕਜ਼ ਵਿੱਚ ਇਕੱਠੇ ਰਹੇ ਸਨ, ਜਿਸ ਕਾਰਨ ਕੋਰੋਨਾ ਦੇ ਕੇਸਾਂ ਦਾ ਵਾਧਾ ਹੋਇਆ ਸੀ। ਇਨ੍ਹਾਂ ਵਿੱਚੋਂ ਬਹੁਤੇ ਲੋਕ ਵਿਦੇਸ਼ੀ ਸਨ ਤੇ ਭਾਰਤ ਵੱਖ-ਵੱਖ ਰਾਜਾਂ ਦੇ ਲੋਕ ਸਨ।

ਪਤਾ ਲੱਗਾ ਹੈ ਕਿ ਇਨ੍ਹਾਂ ਵਿੱਚ 824 ਵਿਦੇਸ਼ੀ ਨਾਗਰਿਕ ਸਨ। ਕੇਂਦਰ ਸਰਕਾਰ ਓਦੋਂ ਹਰਕਤ ਵਿੱਚ ਆਈ ਸੀ, ਜਦੋਂ ਤੇਲੰਗਾਨਾ ਵਿੱਚ ਕੋਰੋਨਾ ਦਾ ਪਹਿਲਾ ਕੇਸ ਮਿਲਿਆ ਅਤੇ ਫਿਰ ਜਮਾਤ ਦੇ ਸਾਰੇ ਲੋਕਾਂ ਦੀ ਭਾਲ ਤੇ ਉਨ੍ਹਾਂ ਦੇ ਸੰਪਰਕ ਸ਼ੁਰੂ ਹੋ ਗਏ ਸਨ।






# ਪੈਟ੍ਰਿਕ ਬ੍ਰਾਊਨ ਨੇ ਬਰੈਂਪਟਨ ਵਿੱਚ ਪਬਲਿਕ ਟਰਾਂਜ਼ਿਟ ਉੱਤੇ ਮਾਸਕ ਕੀਤੇ ਲਾਜ਼ਮੀ

ਬਰੈਂਪਟਨ, 4 ਜੂਨ (ਪੋਸਟ ਬਿਊਰੋ) : ਪੀਲ ਰੀਜਨ ਦੇ ਕੁੱਝ ਹਿੱਸਿਆਂ ਵਿੱਚ ਹੁਣ ਪਬਲਿਕ ਟਰਾਂਜ਼ਿਟ ਵਿੱਚ ਸਫਰ ਕਰਦੇ ਸਮੇਂ ਮੂੰਹ ਉੱਤੇ ਮਾਸਕ ਪਾਉਣਾ ਲਾਜ਼ਮੀ ਹੋਵੇਗਾ। ਇਹ ਫੈਸਲਾ ਅਗਲੇ ਮਹੀਨੇ ਤੋਂ ਲਾਗੂ ਹੋਵੇਗਾ।




ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ 2 ਜੁਲਾਈ ਤੋਂ ਬਰੈਂਪਟਨ ਟਰਾਂਜਿਟ ਵਿਚ ਸਫਰ ਕਰਨ ਵਾਲਿਆਂ ਲਈ ਫੇਸ ਮਾਸਕ ਪਾਉਦਾ ਜਰੂਰੀ ਹੋਵੇਗਾ। ਉਨ੍ਹਾਂ ਆਖਿਆ ਕਿ ਇਹ ਨੌਨ-ਮੈਡੀਕਲ ਮਾਸਕ ਵੀ ਹੋ ਸਕਦੇ ਹਨ ਤੇ ਜਾਂ ਫਿਰ ਸਕਾਰਫ ਜਾਂ ਹੋਰ ਤਰ੍ਹਾਂ ਦੀ ਫੇਸ ਕਵਰਿੰਗ ਵੀ ਹੋ ਸਕਦੀ ਹੈ। ਮੇਅਰ ਨੇ ਇਹ ਵੀ ਆਖਿਆ ਕਿ ਉਨ੍ਹਾਂ ਵਲੋਂ ਇਹ ਸਿਫਾਰਿਸ ਵੀ ਕੀਤੀ ਜਾਂਦੀ ਹੈ ਕਿ ਸਥਾਨਕ ਵਾਸੀ ਬਸ ਸਟੌਪਜ, ਟਰਮੀਨਲ ਤੇ ਬਸਾਂ ਆਦਿ ਉਤੇ, ਜਿਥੇ ਹਮੇਸਾਂ ਫਿਜੀਕਲ ਡਿਸਟੈਂਸਿੰਗ ਸੰਭਵ ਨਹੀਂ ਹੁੰਦੀ, ਵੀ ਮਾਸਕ ਪਾਉਣ।

ਬ੍ਰਾਊਨ ਨੇ ਆਖਿਆ ਕਿ ਹਕੀਕਤ ਇਹ ਹੈ ਕਿ ਬਹੁਤ ਸਾਰੇ ਲੋਕ ਪਬਲਿਕ ਟਰਾਂਜਿਟ ਰਾਹੀਂ ਹੀ ਆਪਣੇ ਕੰਮਾਂ ਕਾਰਾਂ ਉਤੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਸਾਰੇ ਯਾਤਰੀਆਂ ਨੂੰ ਸੁਰਖਿਅਤ ਰਖਣ ਲਈ ਉਹ ਜੋ ਸੰਭਵ ਹੋਵੇਗਾ ਉਹ ਕਰਨਗੇ।

# ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ 0.25 ਫੀ ਸਦੀ ਰੱਖਣ ਦਾ ਫੈਸਲਾ

ਓਟਵਾ, 4 ਜੂਨ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ 0.25 ਫੀ ਸਦੀ ਹੀ ਰੱਖੀਆਂ ਜਾਣਗੀਆਂ। ਬੈਂਕ ਦਾ ਕਹਿਣਾ ਹੈ ਕਿ ਮਹਾਂਮਾਰੀ ਕਾਰਨ ਅਰਥਚਾਰੇ ਉੱਤੇ ਪੈਣ ਵਾਲਾ ਪ੍ਰਭਾਵ ਆਪਣੇ ਚਰਮ ਉੱਤੇ ਹੈ। ਇਸ ਸੱਭ ਦੀ ਰਿਕਵਰੀ ਕਿਸ ਤਰ੍ਹਾਂ ਹੋਵੇਗੀ ਅਜੇ ਇਸ ਬਾਰੇ ਅਸਥਿਰਤਾ ਵੀ ਬਣੀ ਹੋਈ ਹੈ।




ਬੈਂਕ ਨੇ ਆਖਿਆ ਕਿ ਉਸ ਨੂੰ ਲੱਗਦਾ ਹੈ ਕਿ ਅਰਥਚਾਰੇ ਵਿੱਚ ਆਉਣ ਵਾਲੀ ਸੱਭ ਤੋਂ ਮਾੜੀ ਘੜੀ ਤੋਂ ਕੈਨੇਡਾ ਬਚ ਗਿਆ ਹੈ। ਸੈਂਟਰਲ ਬੈਂਕ ਨੂੰ ਉਮੀਦ ਹੈ ਕਿ 2019 ਦੀ ਚੌਥੀ ਤਿਮਾਹੀ ਦੇ ਮੁਕਾਬਲੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿੱਚ 10 ਤੋਂ 20 ਫੀ ਸਦੀ ਗਿਰਾਵਟ ਦਰਜ ਕੀਤੀ ਜਾਵੇਗੀ। ਜੋ ਕਿ ਪਹਿਲਾਂ ਕੀਤੀ ਗਈ ਪੇਸੀਨਿਗੋਈ 15 ਤੋਂ 30 ਫੀ ਸਦੀ ਤੋਂ ਘੱਟ ਹੈ।

ਵਿਆਜ਼ ਦਰਾਂ ਬਾਰੇ ਆਪਣੇ ਫੈਸਲੇ ਦਾ ਐਲਾਨ ਕਰਦਿਆਂ ਸੈਂਟਰਲ ਬੈਂਕ ਨੇ ਆਖਿਆ ਕਿ ਅਜੇ ਵੀ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਅਰਥਚਾਰੇ ਦਾ ਤੀਜੀ ਤਿਮਾਹੀ ਵਿੱਚ ਵਿਕਾਸ ਹੋਵੇਗਾ। ਇਹ ਐਲਾਨ ਉਸ ਸਮੇਂ ਆਇਆ ਜਦੋਂ ਟਿਫ ਮੈਕੈਲਮ ਨੇ ਗਵਰਨਰ ਵਜੋਂ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਦਾ ਕਾਰਜ ਭਾਗ ਸਾਂਭਿਆ। ਉਨ੍ਹਾਂ ਨੇ ਇਹ ਕਾਰਜਭਾਗ ਮੰਗਲਵਾਰ ਨੂੰ ਸੱਤ ਸਾਲ ਦਾ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਸੇਵਾਮੁਕਤ ਹੋਏ ਸਟੀਫਨ ਪੋਲੋਜ ਤੋਂ ਸਾਂਭਿਆ।

# ਹੌਂਡਾ ਨੇ ਵਾਪਿਸ ਮੰਗਵਾਈਆਂ 1.4 ਮਿਲੀਅਨ ਗੱਡੀਆਂ

ਡਿਟਰੌਇਟ, 4 ਜੂਨ (ਪੋਸਟ ਬਿਊਰੋ) : ਹੌਂਡਾ ਵੱਲੋਂ ਦੁਨੀਆ ਭਰ ਵਿੱਚੋਂ ਆਪਣੀਆਂ 1.4 ਮਿਲੀਅਨ ਗੱਡੀਆਂ ਵਾਪਿਸ ਮੰਗਵਾਈਆਂ ਜਾ ਰਹੀਆਂ ਹਨ। ਇਨ੍ਹਾਂ ਗੱਡੀਆਂ ਦੇ ਫਿਊਲ ਪੰਪਜ਼ ਫੇਲ੍ਹ ਹੋ ਸਕਦੇ ਹਨ ਤੇ ਇੰਜਣਾਂ ਨੂੰ ਜੜ ਕਰ ਸਕਦੇ ਹਨ ਜਾਂ ਪਾਵਰ ਜਾ ਸਕਦੀ ਹੈ।




ਕੰਪਨੀ ਵੱਲੋਂ ਅਮਰੀਕਾ ਵਿੱਚ 136,000 ਗੱਡੀਆਂ ਵਾਪਿਸ ਮੰਗਵਾਈਆਂ ਜਾ ਰਹੀਆਂ ਹਨ। ਇਨ੍ਹਾਂ ਗੱਡੀਆਂ ਵਿੱਚ ਲੱਗੇ ਫਿਊਲ ਪੰਪ ਪਾਰਟਸ ਸਪਲਾਇਰ ਡੈਂਸੋ ਵੱਲੋਂ ਤਿਆਰ ਕੀਤੇ ਜਾਂਦੇ ਹਨ। ਮੰਗਲਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਹੌਂਡਾ ਨੇ ਆਖਿਆ ਕਿ ਅਜੇ ਤੱਕ ਕਿਸੇ ਤਰ੍ਹਾਂ ਦੇ ਹਾਦਸੇ ਜਾਂ ਕਿਸੇ ਨੂੰ ਲੱਗੀ ਸੱਟ-ਫੇਟ ਦੀ ਕੋਈ ਰਿਪੋਰਟ ਨਹੀਂ ਹੈ। ਹੌਂਡਾ ਗੱਡੀਆਂ ਦੇ ਮਾਲਕਾਂ ਨੂੰ ਇਸ ਫੈਸਲੇ ਬਾਰੇ ਜੁਲਾਈ ਦੇ ਅੰਤ ਤੱਕ ਲੈਟਰ ਮਿਲ ਜਾਣਗੇ। ਡੀਲਰਜ਼ ਮੁਫਤ ਵਿੱਚ ਹੀ ਇਹ ਫਿਊਲ ਪੰਪ ਬਦਲ ਦੇਣਗੇ।

ਅਮਰੀਕਾ ਵਿੱਚ ਹੌਂਡਾ ਵੱਲੋਂ ਵਾਪਿਸ ਸੱਦੀਆਂ ਗੱਡੀਆਂ ਵਿੱਚ 2018 ਤੇ 2019 ਮਾਡਲ ਦੀਆਂ ਹੌਂਡਾ ਐਕੌਰਡ, ਸਿਵਿਕ ਹੈਚਬੈਕ, ਸਿਵਿਕ ਟਾਈਪ ਆਰ ਤੇ ਐਚਆਰ-ਵੀ ਦੇ ਨਾਲ ਨਾਲ 2019 ਮਾਡਲ ਦੀ ਫਿੱਟ ਤੇ 2019 ਤੇ 2020 ਮਾਡਲ ਦੀ ਇਨਸਾਈਟ ਵੀ ਸ਼ਾਮਲ ਹਨ। ਇਨ੍ਹਾਂ ਮਾਡਲਾਂ ਵਿੱਚ 2019 ਮਾਡਲ ਦੀ ਐਕਿਊਰਾ ਆਰਡੀਐਕਸ, ਆਰਐਲਐਕਸ ਅਤੇ ਆਰਐਲਐਕਸ ਸਪੋਰਟ ਹਾਈਬ੍ਰਿਡ ਦੇ ਨਾਲ ਨਾਲ 2018 ਤੇ 2019 ਮਾਡਲ ਦੀ ਐਨਐਸਐਕਸ ਵੀ ਸ਼ਾਮਲ ਹਨ।

# ਕੋਵਿਡ-19 ਦਾ ਪਤਾ ਲਾਉਣ ਲਈ ਸਲਾਇਵਾ ਦੇ ਆਧਾਰ ’ਤੇ ਟੈਸਟ ਤਿਆਰ ਕਰ ਰਹੀ ਹੈ ਕੈਨੇਡੀਅਨ ਕੰਪਨੀ

ਟੋਰਾਂਟੋ, 4 ਜੂਨ (ਪੋਸਟ ਬਿਊਰੋ) : ਓਨਟਾਰੀਓ ਦੀ ਇੱਕ ਕੰਪਨੀ ਦਾ ਕਹਿਣਾ ਹੈ ਕਿ ਉਹ ਸਲਾਇਵਾ ਦੇ ਅਧਾਰ ਉੱਤੇ ਕੋਵਿਡ-19 ਦਾ ਇੱਕ ਟੈਸਟ ਤਿਆਰ ਕਰ ਰਹੀ ਹੈ। ਇਸ ਨਾਲ ਸਬੰਧਤ ਕਿੱਟ ਹਥੇਲੀ ਵਿੱਚ ਫਿੱਟ ਹੋ ਜਾਵੇਗੀ ਤੇ 20 ਮਿੰਟਾਂ ਵਿੱਚ ਹੀ ਇਹ ਦੱਸ ਸਕੇਗੀ ਕਿ ਸਬੰਧਤ ਵਿਅਕਤੀ ਨੂੰ ਕਰੋਨਾਵਾਇਰਸ ਹੈ ਜਾਂ ਨਹੀਂ।




ਇਹ ਟੈਸਟ ਅਜੇ ਰਿਸਰਚ ਵਾਲੇ ਪੜਾਅ ਵਿੱਚ ਹੀ ਹੈ ਤੇ ਇਹ ਗਿਊਲੇਫ, ਓਨਟਾਰੀਓ ਸਥਿਤ ਕੰਪਨੀ ਡੀਪ ਬਾਇਓਲੌਜਿਕਸ ਕੰਪਨੀ ਦੀ ਕਾਢ ਹੈ। ਫੈਡਰਲ ਸਰਕਾਰ ਵੱਲੋਂ ਨੈਸ਼ਨਲ ਰਿਸੋਰਸ ਕਾਉਂਸਲ ਆਫ ਕੈਨੇਡਾ (ਐਨਆਰਸੀ) ਰਾਹੀਂ ਇਸ ਕੰਪਨੀ ਨੂੰ 300,000 ਡਾਲਰ ਦੀ ਮਾਲੀ ਮਦਦ ਦਿੱਤੀ ਗਈ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਇਸ ਰਿਸਰਚ ਨੂੰ ਹਕੀਕਤ ਵਿੱਚ ਬਦਲਿਆ ਜਾ ਸਕੇ। ਡੀਪ ਬਾਇਓਲੌਜਿਕਸ ਦੀ ਸੀਈਓ ਦੀਆ ਸ਼ਾਹੀਨਾਸ ਨੇ ਆਖਿਆ ਕਿ ਇਸ ਫੰਡਿੰਗ ਲਈ ਉਹ ਫੈਡਰਲ ਸਰਕਾਰ ਦੇ ਧੰਨਵਾਦੀ ਹਨ। ਉਨ੍ਹਾਂ ਆਖਿਆ ਕਿ ਇਸ ਆਰਥਿਕ ਮਦਦ ਸਦਕਾ ਉਨ੍ਹਾਂ ਦੀ ਕੰਪਨੀ ਅਗਲੇ ਤਿੰਨ ਮਹੀਨਿਆਂ ਵਿੱਚ ਹੀ ਕਲੀਨਿਕਲ ਸੈਂਪਲ ਟੈਸਟਿੰਗ ਕਰਨੀ ਸ਼ੁਰੂ ਕਰ ਦੇਵੇਗੀ।

# ਯੂਰਪੀਅਨ ਯੂਨੀਅਨ ਤੇ ਯੂਕੇ ਦੇ ਆਗੂ ਇਸ ਮਹੀਨੇ ਦੇ ਅੰਤ ਵਿੱਚ ਕਰਨਗੇ ਮੁਲਾਕਾਤ

ਬਰਸਲਜ਼, 4 ਜੂਨ (ਪੋਸਟ ਬਿਊਰੋ) : ਬ੍ਰੈਗਜ਼ਿਟ ਤੋਂ ਬਾਅਦ ਯੂਰਪੀਅਨ ਯੂਨੀਅਨ ਤੇ ਯੂਕੇ ਦੇ ਆਗੂਆਂ ਦਰਮਿਆਨ ਗੱਲਬਾਤ ਵਿੱਚ ਆਈ ਖੜੋਤ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਇਸ ਸਬੰਧ ਵਿੱਚ ਬ੍ਰਿਟਿਸ਼ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਤੇ ਯੂਰਪੀਅਨ ਯੂਨੀਅਨ ਦੇ ਉੱਘੇ ਐਗਜ਼ੈਕਟਿਵ ਇਸ ਮਹੀਨੇ ਦੇ ਅੰਤ ਵਿੱਚ ਗੱਲਬਾਤ ਨੂੰ ਅੱਗੇ ਤੋਰਨ ਲਈ ਮੁਲਾਕਾਤ ਕਰਨਗੇ। ਇਸ ਗੱਲਬਾਤ ਨਾਲ ਦੋਵਾਂ ਧਿਰਾਂ ਦੇ ਰਿਸ਼ਤਿਆਂ ਵਿੱਚ ਕੁੱਝ ਸੁਧਾਰ ਹੋਣ ਦੀ ਸੰਭਾਵਨਾ ਹੈ।

ਵਾਰਤਾਕਾਰਾਂ ਦੀਆਂ ਟੀਮਾਂ ਦਰਮਿਆਨ ਅੱਜ ਗੱਲਬਾਤ ਦੇ ਚੌਥੇ ਗੇੜ ਦੀ ਸ਼ੁਰੂਆਤ ਹੋਈ। ਇਸ ਨਾਲ ਭਵਿੱਖ ਵਿੱਚ ਹੋਣ ਵਾਲੀ ਕਿਸੇ ਵੀ ਟਰੇਡ ਡੀਲ ਲਈ ਵੀ ਥੋੜ੍ਹੀ ਆਸ ਬੱਝੀ ਹੈ। ਬਲਾਕ ਦੀ ਐਗਜ਼ੈਕਟਿਵ ਟੀਮ ਨੇ ਦੱਸਿਆ ਕਿ ਯੂਰਪੀਅਨ ਯੂਨੀਅਨ ਕਮਿਸ਼ਨ ਦੇ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯੇਨ ਤੇ ਜੌਹਨਸਨ ਦਰਮਿਆਨ ਇਹ ਮੀਟਿੰਗ ਜੂਨ ਦੇ ਅੰਤ ਵਿੱਚ ਹੋਵੇਗੀ।

ਯੂਰਪੀਅਨ ਯੂਨੀਅਨ-ਯੂਕੇ ਵਾਰਤਾ ਲਈ ਕਮਿਸ਼ਨ ਦੇ ਬੁਲਾਰੇ ਡੈਨੀਅਲ ਫੈਰੀ ਨੇ ਆਖਿਆ ਕਿ ਇਸ ਮੁਲਾਕਾਤ ਦੀ ਤਰੀਕ ਤੇ ਫੌਰਮੈਟ ਅਜੇ ਤੈਅ ਹੋਣਾ ਬਾਕੀ ਹੈ। ਯੂਕੇ ਵੱਲੋਂ ਯੂਰਪੀਅਨ ਯੂਨੀਅਨ ਨਾਲੋਂ 31 ਜਨਵਰੀ ਨੂੰ ਤੋੜ ਵਿਛੋੜਾ ਕਰ ਲਿਆ ਗਿਆ ਸੀ। ਪਰ ਯੂਕੇ, ਯੂਰਪੀਅਨ ਯੂਨੀਅਨ ਦੀ ਟੈਰਿਫ ਫਰੀ ਸਿੰਗਲ ਮਾਰਕਿਟ ਤੇ ਕਸਟਮਜ਼ ਯੂਨੀਅਨ ਵਿੱਚ ਇਸ ਸਾਲ ਦੇ ਅੰਤ ਤੱਕ ਰਹੇਗਾ। ਇਹ ਤਥਾ ਕਥਿਤ ਤਬਦੀਲੀ ਦਾ ਅਰਸਾ ਦੋ ਸਾਲਾਂ ਲਈ ਹੋਰ ਵਧ ਸਕਦਾ ਹੈ ਹਾਲਾਂਕਿ ਇਸ ਬਾਰੇ ਡੀਲ ਪਹਿਲੀ ਜੁਲਾਈ ਤੱਕ ਕਰਨੀ ਹੋਵੇਗੀ।



UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657 69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca




ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸੰਪਾਦਕੀ

## ਅਮਰੀਕਾ ਵਿੱਚ ਜਾਰਜ ਫਲਾਇਡ ਦਾ ਕਤਲ

# ਬਾਬਾ ਬੋਲਨਾ ਕਿਆ ਕਹੀਐ !

ਯੁੱਗਾਂ ਯੁਗਾਂਤਰਾਂ ਤੋਂ ਮਨੁੱਖਤਾ ਨਸਲਵਾਦ ਦਾ ਸੰਤਾਪ ਕਈ ਰੰਗਾਂ ਰੂਪਾਂ ਅਤੇ ਭੇਖਾਂ ਵਿੱਚ ਭੋਗਦੀ ਆਈ ਹੈ ਅਤੇ ਇਹ ਕੋਝਾ ਵਰਤਾਰਾ ਅੱਜ ਵੀ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਨਿਰੰਤਰ ਜਾਰੀ ਹੈ। ਅਮਰੀਕਾ ਵਿੱਚ ਜਾਰਜ ਫਲਾਇਡ ਦਾ ਗੋਰੇ ਪੁਲੀਸ ਅਫ਼ਸਰ ਦੇ ਹੱਥੋਂ ਕਤਲ ਇਸ ਕੋਝੇ ਵਰਤਾਰੇ ਦੀ ਇੱਕ ਤਾਜ਼ਾ ਮਿਸਾਲ ਹੈ। ਕੀ ਫੇਸਬੁੱਕ, ਟਵਿੱਟਰ ਉੱਤੇ ਹੈਸ਼ਟੈਗ ਸਿੱਖ (#sikh) ਦਾ ਮਾਰਚ ਮਹੀਨੇ ਤੋਂ ਲੈ ਕੇ ਜੂਨ ਦੇ ਆਰੰਭ ਹੋਣ ਤੱਕ ਬਲਾਕ ਹੋਇਆ ਰਹਿਣਾ ਨਸਲਵਾਦ ਦਾ ਹੀ ਇੱਕ ਰੂਪ ਨਹੀਂ ਹੈ? ਕੀ ਵਰਤਮਾਨ ਹਾਲਾਤ ਇਸ ਗੱਲ ਦੇ ਸਬੂਤ ਨਹੀਂ ਕਿ ਨਸਲਵਾਦ ਵਿਰੁੱਧ ਆਵਾਜ਼ ਚੁੱਕਣਾ ਸਿਰਫ਼ ਪੀੜਤਾਂ ਦਾ ਹੀ ਨਹੀਂ ਸਗੋਂ ਮਨੁੱਖੀ ਸੰਵੇਦਨਾ ਭਰੇ ਹਰ ਮਨੁੱਖ ਅਤੇ ਸੰਸਥਾ ਦਾ ਫਰਜ਼ ਬਣਦਾ ਹੈ!

ਕੁੱਝ ਫਰਜ਼ ਹਨ ਜਿਹੜੇ ਸਿਆਸਤੀ ਮਜ਼ਬੂਰੀਆਂ ਨੂੰ ਮੱਦੇਨਜ਼ਰ ਰੱਖ ਕੇ ਪੂਰੇ ਕੀਤੇ ਜਾਂਦੇ ਹਨ ਜਿਸਨੂੰ ਅੰਗਰੇਜ਼ੀ ਵਿੱਚ politically correct ਹੋਣਾ ਕਿਹਾ ਜਾਂਦਾ ਹੈ। ਸਿਆਸੀ ਮਨਸ਼ਿਆਂ ਨਾਲ ਓਤਪੋਤ ਅਜਿਹੇ ਬਿਆਨਾਂ/ਬੋਲਾਂ ਵਿੱਚ ਸੰਜੀਦਗੀ ਨਹੀਂ ਸਗੋਂ ਲਿਫਾਫੇਬਾਜ਼ੀ ਹੁੰਦੀ ਹੈ। ਪਰ ਉਹਨਾਂ ਬੋਲਾਂ ਬਾਰੇ ਕੀ ਕਿਹਾ ਜਾਵੇ ਜਿਹੜੇ ਸਾਡੇ ਪ੍ਰਧਾਨ ਮੰਤਰੀ ਦੇ ਮੁੱਖ ਵਿੱਚੋਂ ਨਿਕਲਣ ਤੋਂ ਪਹਿਲਾਂ 21 ਸਕਿੰਟ ਲਈ ਕੈਮਰਿਆਂ ਦੀਆਂ ਲਾਈਟਾਂ ਦੀ ਮੌਜੂਦਗੀ ਵਿੱਚ ਬਰਫ਼ ਦੀ ਸਿੱਲ੍ਹ ਵਾਗੂੰ ਜੰਮ ਜਾਂਦੇ ਹਨ। ਕੀ ਜਸਟਿਨ ਟਰੂਡੋ ਦੀ ਆਵਾਜ਼ ਦਾ ਬੰਦ ਹੋ ਜਾਣਾ ਉਸਦੀ ਅੰਤਰ-ਵਿਵੇਚਨਾ ਦਾ ਸੂਚਕ ਹੈ ਜਾਂ ਅੰਦਰ ਛੁਪੇ ਚੋਰ ਦਾ! ਜੇ ਟਰੂਡੋ ਦੀ ਥਾਂ ਕੋਈ ਕੰਜ਼ਰਵੇਟਿਵ ਜਾਂ ਸੱਜੇ ਪੱਖੀ ਨੇਤਾ ਅਜਿਹੀ ਚੁੱਪ ਦਾ ਸ਼ਿਕਾਰ ਹੋ ਜਾਂਦਾ ਤਾਂ ਅੱਜ ਸੋਸ਼ਲ ਮੀਡੀਆ ਤੋਂ ਲੈ ਕੇ ਮੁੱਖ ਧਾਰਾ ਤੱਕ ਕਹਾਣੀ ਕੁੱਝ ਹੋਰ ਹੀ ਹੋਣੀ ਸੀ। ਡੱਗ ਫੋਰਡ ਦਾ 'ਸਾਡੇ ਉਂਟੇਰੀਓ ਵਿੱਚ ਅਮਰੀਕਾ ਵਰਗਾ ਨਸਲਵਾਦ ਨਹੀਂ' ਆਖਣਾ, ਮੁੜ ਕੇ ਆਪਣਾ ਬਿਆਨ ਵਾਪਿਸ ਲੈਣਾ, ਬਲੈਕ ਕਮਿਉਨਿਟੀ ਨਾਲ ਸਬੰਧਿਤ ਯੂਥ ਲਈ ਪ੍ਰੀਮੀਅਰ ਕਾਉਂਸਲ ਦੀ ਸਥਾਪਨਾ ਕਰਨਾ ਅਤੇ ਬਲੈਕ ਪਰਵਿਾਰਾਂ ਨੂੰ ਸਹਾਇਤਾ ਦੇਣ ਲਈ 1.5 ਮਿਲੀਅਨ ਡਾਲਰ ਫੰਡ ਦੇਣਾ ਆਪਣੇ ਆਪ ਵਿੱਚ ਇੱਕ ਕਹਾਣੀ ਹੈ।

ਜਾਰਜ ਫਲਾਇਡ ਦੇ ਕਤਲ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਬਾਰੇ ਸਿੱਖਾਂ ਦੀਆਂ ਮੁੱਖ ਸੰਸਥਾਵਾਂ ਦਾ ਚੁੱਪ ਰਹਿਣਾ ਵੀ ਅਜੀਬ ਜਾਪਦਾ ਹੈ। ਮਿਸਾਲ ਵਜੋਂ ਪੰਜਾਬੀ ਪੋਸਟ ਵੱਲੋਂ ਕੱਲ ਸ਼ਾਮ ਤੱਕ ਕੀਤੀ ਗਈ ਜਾਂਚ ਮੁਤਾਬਕ ਸਿੱਖ ਕੋਲੀਸ਼ਨ (the Sikh Coalition) ਤੋਂ ਇਲਾਵਾ ਕਿਸੇ ਹੋਰ ਜੱਥੇਬੰਦੀ ਦੁਆਰਾ ਕੋਈ ਬਿਆਨ ਜਾਂ ਐਕਸ਼ਨ ਨਹੀਂ ਲਿਆ ਗਿਆ ਨਹੀਂ ਵੇਖਿਆ ਗਿਆ। ਸਾਧਾਰਨ ਸਿੱਖ ਅਤੇ ਸਥਾਨਕ ਪੱਧਰ ਉੱਤੇ ਕੰਮ ਕਰਦੀਆਂ ਜੱਥੇਬੰਦੀਆਂ ਬਾਰੇ ਮੰਨਿਆ ਜਾ ਸਕਦਾ ਹੈ ਕਿ ਉਹਨਾਂ ਕੋਲ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਬਾਰੇ ਪ੍ਰਤੀਕਰਮ ਦੇਣ ਲਈ ਲੋੜੀਂਦੇ ਸਾਧਨ ਨਹੀਂ ਹੋ ਸਕਦੇ। ਪਰ ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਯੂਨਾਈਟਡ ਸਿੱਖਜ਼, ਖਾਲਸਾ ਏਡ, ਇੰਗਲੈਂਡ ਵਿੱਚ ਸਿੱਖ ਕਾਉਂਸਲ, ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼, ਉਂਟੇਰੀਓ ਸਿੱਖਜ਼ ਅਤੇ ਗੁਰਦੁਆਰਾ ਕਾਉਂਸਲ ਜਾਂ ਉਂਟੇਰੀਓ ਗੁਰਦੁਆਰਾ ਕਮੇਟੀ ਦਾ ਕੋਈ ਬਿਆਨ ਵੇਖਣ ਪੜਨ ਨੂੰ ਨਾ ਮਿਲਣਾ ਹੈਰਾਨ ਕਰਦਾ ਹੈ।

ਜਦੋਂ 2012 ਵਿੱਚ ਇੱਕ ਗੋਰੇ ਨਸਲਵਾਦੀ Wade Michael Page ਨੇ ਮਿਲਵਾਕੀ ਦੇ ਵਿਸਕੋਨਸਿਨ ਗੁਰਦੁਆਰਾ ਸਾਹਿਬ ਵਿੱਚ 6 ਸਿੱਖਾਂ ਦਾ ਕਤਲ ਕਰ ਦਿੱਤਾ ਸੀ ਤਾਂ ਅੰਤਮ ਅਰਦਾਸ ਵਿੱਚ ਬਲੈਕ ਭਾਈਚਾਰੇ ਸਮੇਤ ਹਰ ਨਸਲ ਨਾਲ ਸਬੰਧਿਤ ਲੋਕਾਂ ਦੀ ਸ਼ਮੂਲੀਅਤ ਵੇਖੀ ਗਈ ਸੀ। ਉਸ ਵੇਲੇ ਪੰਜਾਬੀ ਪੋਸਟ ਵਿੱਚ ਅਸੀਂ ਆਰਟੀਕਲ ਲਿਖਿਆ ਸੀ ਜਿਸਦਾ ਸਿਰਲੇਖ ਸੀ, "ਮੈਂ ਓਬਾਮਾ ਬੋਲਦਾ ਹਾਂ"। ਕਤਲੇਆਮ ਤੋਂ 2-3 ਘੰਟੇ ਅੰਦਰ ਹੀ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਮਿਲਵਾਕੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੂੰ ਨਿੱਜੀ ਫੋਨ ਕਰਕੇ ਕਿਹਾ ਸੀ ਕਿ ਸਿੱਖ ਭਾਈਚਾਰੇ ਨੂੰ ਸੁਨੇਹਾ ਦੇਣਾ ਕਿ ਇੱਕੇ ਦੁੱਕੇ ਨਸਲਵਾਦੀ ਦੇ ਕੁਕਰਮ ਕਾਰਣ ਇਹ ਨਾ ਸਮਝ ਲੈਣਾ ਕਿ ਅਮਰੀਕਾ ਤੁਹਾਡਾ ਦੇਸ਼ ਨਹੀਂ ਹੈ, ਸਗੋਂ ਸੱਚ ਇਹ ਹੈ ਕਿ ਤੁਸੀਂ ਅਮਰੀਕਾ ਦੇ ਹੋ ਅਤੇ ਅਮਰੀਕਾ ਤੁਹਾਡਾ'। ਜਿਹਨਾਂ ਨੂੰ ਜਸਟਿਨ ਟਰੂਡੋ ਦੀ 21 ਸਕਿੰਟ ਦੀ ਚੁੱਪ ਵਿੱਚ ਰੱਬੀ ਰਾਜ਼ ਲੁਕਿਆ ਵਿਖਾਈ ਦੇਂਦਾ ਹੈ, ਉਹ ਟਰੂਡੋ ਦੇ ਮਿੱਤਰ ਓਬਾਮਾ ਦੇ ਪ੍ਰਤੀਕਰਮ ਨਾਲ ਮੁਕਾਬਲਾ ਕਰਕੇ ਫੈਸਲਾ ਕਰ ਸਕਦੇ ਹਨ ਕਿ ਸੰਵੇਦਨਸ਼ੀਲਤਾ ਕਿਸ ਚੀਜ਼ ਦਾ ਨਾਮ ਹੁੰਦਾ ਹੈ। ਟਰੰਪ ਤੋਂ ਡਰ ਕੇ ਉਸਦਾ ਨਾਮ ਨਾ ਲੈਣਾ ਜੇ ਸੰਵੇਦਨਸ਼ੀਲਤਾ ਹੈ ਤਾਂ ਟਰੂਡੋ ਦੇ ਪ੍ਰਤੀਕਰਮ ਨੂੰ ਮੁਬਾਰਕਵਾਦ ਆਖਣ ਵਾਲਿਆਂ ਨੂੰ ਮੁਬਾਰਕਵਾਦ ਹੋਵੇ।

ਜਾਰਜ ਫਲਾਇਡ ਦੇ ਕਤਲ ਬਾਰੇ ਆਵਾਜ਼ ਇਸ ਲਈ ਨਹੀਂ ਚੁੱਕਣੀ ਚਾਹੀਦੀ ਕਿ ਉਹ ਬਲੈਕ ਕਮਿਉਨਿਟੀ ਨਾਲ ਸਬੰਧਿਤ ਸੀ ਸਗੋਂ ਇਸ ਲਈ ਕਿ ਜਿੱਥੇ ਕਿਤੇ ਵੀ ਕਿਸੇ ਮਜ਼ਲੂਮ ਨਾਲ ਧੱਕਾ ਹੁੰਦਾ ਹੈ, ਉਹ ਮਨੁੱਖੀ ਸੰਵੇਦਨਸ਼ੀਲਤਾ ਦਾ ਹੱਕਦਾਰ ਹੈ। ਇਹ ਭਾਰਤ ਵਿੱਚ ਸੱਜੇ ਪੱਖੀਆਂ ਦਾ ਸ਼ਿਕਾਰ ਹੋਇਆ ਕੋਈ ਮੁਸਲਮਾਨ ਹੋ ਸਕਦਾ ਹੈ, ਅਫ਼ਗਾਨਸਤਾਨ ਵਿੱਚ ਸਿੱਖ, ਪਾਕਿਸਤਾਨ ਵਿੱਚ ਅਹਿਮਦੀਆ ਮੁਸਲਮਾਨ, ਮੱਧ ਪੂਰਬ ਵਿੱਚ ਈਸਾਈ ਜਾਂ ਅਮਰੀਕਾ ਵਿੱਚ ਬਲੈਕ ਭਾਈਚਾਰਾ ਹੋ ਸਕਦਾ ਹੈ। ਇੱਕ ਮਨੁੱਖ ਹੱਥੋਂ ਕਿਸੇ ਹੋਰ ਮਨੁੱਖ ਨਾਲ ਕੀਤੀ ਜ਼ਿਆਦਤੀ ਪ੍ਰਤੀ ਬੋਲਣ ਦਾ ਹੀਆ ਕਰਨਾ ਹੀ ਮਨੁੱਖੀ ਬਰਾਬਰਤਾ ਦੀ ਨੇਮ ਪਾਲਣਾ ਹੈ।

# ਪਾਬੰਦੀਆਂ ਵਿਚ ਜਲਦੀ ਢਿੱਲ ਦੇਣ ਨਾਲ ਮਹਾਂਮਾਰੀ ਮੁੜ ਸਿਰ ਚੁੱਕ ਸਕਦੀ ਹੈ : ਡਾ. ਟੈਮ

...ਪੰਨਾ 1 ਦਾ ਬਾਕੀ



ਇਸ ਤੋਂ ਇਲਾਵਾ ਕਿੰਨੀ ਵਿਆਪਕ ਪੱਧਰ ਉੱਤੇ ਟੈਸਟਿੰਗ ਕੀਤੀ ਜਾਂਦੀ ਹੈ, ਕਾਂਟੈਕਟ ਟਰੇਸਿੰਗ ਤੇ ਪਾਜ਼ੀਟਿਵ ਕੇਸਾਂ ਨੂੰ ਆਈਸੋਲੇਟ ਕਰਨ ਦੀ ਸਮਰੱਥਾ ਉੱਤੇ ਵੀ ਇਹ ਸੱਭ ਨਿਰਭਰ ਕਰੇਗਾ। ਟੈਮ ਨੇ ਆਖਿਆ ਕਿ ਬਿਨਾਂ ਕਿਸੇ ਵੈਕਸੀਨ ਜਾਂ ਇਲਾਜ ਦੇ ਪਬਲਿਕ ਹੈਲਥ ਮਾਪਦੰਡ ਹੀ ਇਸ ਮਹਾਂਮਾਰੀ ਨੂੰ ਰੋਕਣ ਦਾ ਇੱਕਮਾਤਰ ਜ਼ਰੀਆ ਹਨ। ਉਨ੍ਹਾਂ ਆਖਿਆ ਕਿ ਦੇਸ਼ ਵਿੱਚ ਹੌਲੀ ਹੌਲੀ ਇਸ ਮਹਾਂਮਾਰੀ ਦੀ ਮਾਰ ਘੱਟ ਰਹੀ ਹੈ ਪਰ ਟੋਰਾਂਟੋ ਤੇ ਮਾਂਟਰੀਅਲ ਵਿੱਚ ਕਮਿਉਨਿਟੀ ਟਰਾਂਸਮਿਸ਼ਨ ਕਾਰਨ ਅਜੇ ਵੀ ਚਿੰਤਾ ਬਣੀ ਹੋਈ ਹੈ। ਨਵੇਂ ਕੇਸਾਂ ਵਿੱਚੋਂ 90 ਫੀ ਸਦੀ ਲਈ ਓਨਟਾਰੀਓ ਤੇ ਕਿਊਬਿਕ ਜ਼ਿੰਮੇਵਾਰ ਹਨ, ਇਨ੍ਹਾਂ ਵਿੱਚੋਂ ਵੀ ਬਹੁਤੇ ਇਨ੍ਹਾਂ ਦੋ ਸ਼ਹਿਰਾਂ ਵਿੱਚ ਹੀ ਹਨ। ਉਨ੍ਹਾਂ ਆਖਿਆ ਕਿ ਕੈਨੇਡਾ ਵੱਲੋਂ ਸੋਸ਼ਲ ਡਿਸਟੈਂਸਿੰਗ ਤੇ ਬਿਜ਼ਨਸਿਜ਼ ਅਤੇ ਜਨਤਕ ਥਾਂਵਾਂ ਨੂੰ ਬੰਦ ਕਰਨ ਦਾ ਜਿਹੜਾ ਫੈਸਲਾ ਲਿਆ ਗਿਆ ਹੈ ਉਸ ਕਾਰਨ ਹੀ ਅਸੀਂ ਮਹਾਂਮਾਰੀ ਉੱਤੇ ਕਿਸੇ ਹੱਦ ਤੱਕ ਨਿਯੰਤਰਣ ਪਾਉਣ ਵਿੱਚ ਕਾਮਯਾਬ ਰਹੇ ਹਾਂ। ਪਰ ਸਾਨੂੰ ਇਹ ਮੰਨ ਕੇ ਬਹੁਤਾ ਖੁਸ਼ ਨਹੀਂ ਹੋਣਾ ਚਾਹੀਦਾ ਕਿ ਮਾੜਾ ਸਮਾਂ ਖ਼ਤਮ ਹੋ ਚੁੱਕਿਆ ਹੈ ਤੇ ਇਹ ਨਹੀਂ ਮੰਨਣਾ ਚਾਹੀਦਾ ਹੈ ਕਿ ਹੁਣ ਸੱਭ ਪਹਿਲਾਂ ਵਾਂਗ ਨੌਰਮਲ ਹੋ ਜਾਵੇਗਾ। ਮਾੜੀ ਜਿਹੀ ਗਲਤੀ ਨਾਲ ਹੀ ਮਹਾਂਮਾਰੀ ਮੁੜ ਸਿਰ ਚੁੱਕ ਸਕਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਟਾਈਗਰ ਜੀਤ ਸਿੰਘ ਨੇ ਮਨਾਈ ਵਿਆਹ ਦੀ ਗੋਲਡਨ ਜੁਬਲੀ







ਸੰਸਾਰ ਭਰ ਵਿਚ ਰੈਸਲਿੰਗ ਰਾਹੀਂ ਸ਼ੋਹਰਤ ਖੱਟਣ ਵਾਲੇ ਟਾਈਗਰਜੀਤ ਸਿੰਘ ਵਲੋਂ ਬੀਤੇ ਦਿਨੀਂ ਆਪਣੀ ਸ਼ਾਦੀ ਦੀ 50ਵੀਂ ਵਰ੍ਹੇਗੰਢ ਮਨਾਈ ਗਈ ਹੈ। ਉਨ੍ਹਾਂ ਦੇ ਬੇਟੇ ਟਾਈਗਰ ਜੂਨੀਅਰ ਵਲੋਂ ਜਿਉਂ ਹੀ ਉਨ੍ਹਾਂ ਦੀਆਂ ਸ਼ਾਦੀ ਦੀਆਂ ਤਸਵੀਰਾਂ ਫੇਸਬੁਕ 'ਤੇ ਪਾਈਆਂ ਗਈਆਂ ਤਾਂ ਦੁਨੀਆਭਰ ਤੋਂ ਵਧਾਈਆਂ ਦੇ ਸੰਦੇਸ਼ ਆਉਣੇ ਸ਼ੁਰੂ ਹੋ ਗਏ। ਪੰਜਾਬੀ ਮੀਡੀਆ ਦੀ ਜਾਣੀ-ਪਹਿਚਾਣੀ ਸ਼ਖਸੀਅਤ ਇਕਬਾਲ ਮਾਹਲ ਵਲੋਂ ਇਸ ਸ਼ਨਿਚਰਵਾਰ 1 ਵਜੇ ਵਿਜ਼ਿਨ ਆਫ਼ ਪੰਜਾਬ ਟੀ.ਵੀ. 'ਤੇ ਇਕ ਵਿਸ਼ੇਸ਼ ਡਾਕਿਊਮੈਂਟਰੀ ਵੀ ਦਿਖਾਈ ਜਾ ਰਹੀ ਹੈ। ਟਾਈਗਰਜੀਤ ਸਿੰਘ ਨੇ ਜਿਥੇ ਰੈਸਲਿੰਗ ਵਿਚ ਆਪਣਾ ਨਾਮ ਕਮਾਇਆ ਹੈ, ਉਥੇ ਟਾਈਗਰਜੀਤ ਸਿੰਘ ਫਾਊਂਡੇਸ਼ਨ ਦੀ ਸ਼ੁਰੂਆਤ ਕਰਕੇ ਵੱਖ-ਵੱਖ ਹਸਪਤਾਲਾਂ ਨੂੰ ਲੱਖਾਂ ਡਾਲਰ ਦਿੱਤੇ ਹਨ ਅਤੇ ਕ੍ਰਿਸਮਸ ਮੌਕੇ ਬੱਚਿਆਂ ਨੂੰ ਖਿਡਾਉਣੇ ਵੰਡਣ ਵਿਚ ਇਨ੍ਹਾਂ ਦਾ ਅੱਵਲ ਸਥਾਨ ਹੈ। ਮਿਲਟਨ ਵਿਚ ਇਨ੍ਹਾਂ ਦੇ ਨਾਮ 'ਤੇ ਇਕ ਸਰਕਾਰੀ ਸਕੂਲ ਸਥਾਪਿਤ ਕੀਤਾ ਗਿਆ ਹੈ, ਜਿਸ ਲਈ ਇਨ੍ਹਾਂ ਨੂੰ ਵਿਦੇਸ਼ਾਂ 'ਚ ਪਹਿਲੇ ਅਜਿਹੇ ਪੰਜਾਬੀ ਦੇ ਨਾਮ 'ਤੇ ਬਣਾਏ ਗਏ ਸਕੂਲ ਦਾ ਮਾਣ ਹਾਸਿਲ ਹੈ। ਅਦਾਰਾ ਪੰਜਾਬੀ ਪੋਸਟ ਵਲੋਂ ਟਾਈਗਰ ਪਰਿਵਾਰ ਨੂੰ ਇਸ ਗੋਲਡਨ ਜੁਬਲੀ ਦੀ ਬਹੁਤ-ਬਹੁਤ ਮੁਬਾਰਕ।

# 1984 ਵਿੱਚ ਹਰਿਮੰਦਰ ਸਾਹਿਬ ਉੱਤੇ ਹੋਈ ਚੜ੍ਹਾਈ ਦੇ 36 ਸਾਲ ਪੂਰੇ ਹੋਣ ਉੱਤੇ ਹੌਰਵਥ ਨੇ ਦਿੱਤੀ ਸ਼ਰਧਾਂਜਲੀ



ਕੁਈਨਜ਼ ਪਾਰਕ, 2 ਜੂਨ (ਪੋਸਟ ਬਿਊਰੋ) : 1984 ਵਿੱਚ ਹਰਿਮੰਦਰ ਸਾਹਿਬ ਉੱਤੇ ਹੋਈ ਚੜ੍ਹਾਈ ਦੇ 36 ਸਾਲ ਪੂਰੇ ਹੋਣ ਮੌਕੇ ਓਨਟਾਰੀਓ ਦੀ ਮੁੱਖ ਵਿਰੋਧੀ ਧਿਰ ਐਨਡੀਪੀ ਦੀ ਆਗੂ ਐਂਡਰੀਆ ਹੌਰਵਥ ਨੇ ਬਿਆਨ ਜਾਰੀ ਕਰਕੇ ਸ਼ਰਧਾਂਜਲੀ ਦਿੱਤੀ।

ਉਨ੍ਹਾਂ ਆਖਿਆ ਕਿ 1984 ਵਿੱਚ ਹਰਿਮੰਦਰ ਸਾਹਿਬ ਤੇ ਪੰਜਾਬ ਦੇ ਦਰਜਨਾਂ ਹੋਰ ਗੁਰਦੁਆਰਿਆਂ ਉੱਤੇ ਚੜ੍ਹਾਈ ਕੀਤੀ ਗਈ ਸੀ ਤੇ ਸਰਕਾਰ ਦੀ ਸ਼ਹਿ ਨਾਲ ਹੋਏ ਉਨ੍ਹਾਂ ਹਮਲਿਆਂ ਵਿੱਚ ਮਾਰੇ ਗਏ ਲੋਕਾਂ, ਉਸ ਤੋਂ ਬਾਅਦ ਸਰਕਾਰੀ ਤੰਤਰ ਵੱਲੋਂ ਸਿੱਖਾਂ ਨਾਲ ਕੀਤੀਆਂ ਗਈਆਂ ਵਧੀਕੀਆਂ ਦਾ ਸੇਕ ਅੱਜ ਵੀ ਲੋਕਾਂ ਦੀਆਂ ਯਾਦਾਂ ਵਿੱਚ ਤਾਜ਼ਾ ਹੈ। ਇਸ ਦੁੱਖ ਵਿੱਚ ਅਸੀਂ ਪ੍ਰੋਵਿੰਸ ਤੇ ਦੁਨੀਆਂ ਭਰ ਦੇ ਉਨ੍ਹਾਂ ਸਾਰੇ ਪਰਿਵਾਰਾਂ ਨਾਲ ਖੜ੍ਹੇ ਹਾਂ ਜਿਨ੍ਹਾਂ ਦੇ ਦਿਲਾਂ ਵਿੱਚ 1984 ਦੇ ਫੱਟਾਂ ਦੇ ਜ਼ਖ਼ਮ ਅੱਜ ਵੀ ਤਾਜ਼ਾ ਹਨ। ਅਸੀਂ ਵੀ ਉਨ੍ਹਾਂ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਤੇ ਵਧੀਕੀਆਂ ਕਰਨ ਵਾਲਿਆਂ ਦੀ ਜਵਾਬਦੇਹੀ ਦੀ ਮੰਗ ਕਰਦੇ ਹਾਂ।

ਉਨ੍ਹਾਂ ਅੱਗੇ ਆਖਿਆ ਕਿ ਐਨਡੀਪੀ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲਿਆਂ ਦੇ ਨਾਲ ਹੈ ਤੇ ਉਸ ਦੌਰਾਨ ਮਾਰੇ ਗਏ, ਨਜ਼ਰਬੰਦ ਕੀਤੇ ਗਏ ਜਾਂ ਲਾਪਤਾ ਹੋਏ ਮਾਸੂਮ ਨਾਗਰਿਕਾਂ ਤੇ ਸਿਖਾਂ ਦੀ ਹੋਈ ਨਸਲਕੁਸ਼ੀ ਦੇ ਸਬੰਧ ਵਿੱਚ ਉਨ੍ਹਾਂ ਨੂੰ ਇਨਸਾਫ ਦਿਵਾਉਣ ਦੀ ਮੰਗ ਕਰਦੀ ਹੈ। ਇਸ ਦਰਦ ਨੂੰ ਹੰਢਾਉਣ ਵਾਲੇ ਪਰਿਵਾਰਾਂ ਨਾਲ ਐਨਡੀਪੀ ਹਰ ਕਦਮ ਖੜ੍ਹੀ ਹੈ।

# ਫੋਰਡ ਸਰਕਾਰ ਵੱਲੋਂ ਐਂਟੀ ਰੇਸਿਜ਼ਮ ਕਾਉਂਸਲ ਕਾਇਮ ਕਰਨ ਦਾ ਐਲਾਨ

...ਪੰਨਾ 1 ਦਾ ਬਾਕੀ

ਇਸ ਕਾਉਂਸਲ ਦੇ 20 ਮੈਂਬਰ ਹੋਣਗੇ ਜਿਨ੍ਹਾਂ ਵਿੱਚ 18 ਤੋਂ 29 ਸਾਲ ਉਮਰ ਵਰਗ ਦੇ ਨੌਜਵਾਨ ਹੀ ਸ਼ਾਮਲ ਹੋਣਗੇ। ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਸ ਕਾਉਂਸਲ ਰਾਹੀਂ ਹਰੇਕ ਕਮਿਊਨਿਟੀ ਦੇ ਨੌਜਵਾਨਾਂ ਨੂੰ ਸਫਲ ਹੋਣ ਅਤੇ ਆਪਣੀ ਪੂਰੀ ਸਮਰੱਥਾ ਅਨੁਸਾਰ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ।

ਫੋਰਡ ਨੇ ਅੱਗੇ ਆਖਿਆ ਕਿ ਕਾਉਂਸਲ ਅਜਿਹੇ ਵੱਖ ਵੱਖ ਪਿਛੋਕੜਾਂ ਵਾਲੇ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਦੇਵੇਗੀ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿੱਚ ਅਹਿਮ ਤਜਰਬੇ ਹਾਸਲ ਕੀਤੇ ਹੋਣਗੇ। ਇਸ ਨਾਲ ਹਾਸ਼ੀਏ ਉੱਤੇ ਰਹਿਣ ਵਾਲੀਆਂ ਕਮਿਊਨਿਟੀਜ਼ ਦੇ ਨੌਜਵਾਨਾਂ ਨੂੰ ਵੀ ਕੁੱਝ ਕਰਨ ਦਾ ਮੌਕਾ ਮਿਲ ਸਕੇਗਾ। ਰਲ ਕੇ ਉਹ ਸਿੱਖਿਆ, ਸਕਿਲਜ਼ ਟਰੇਨਿੰਗ ਤੇ ਰੋਜ਼ਗਾਰ ਦੇ ਖੇਤਰ ਵਿੱਚ ਆਉਣ ਵਾਲੀਆਂ ਚੁਣੌਤੀਆਂ ਨਾਲ ਸਿੱਝਣਗੇ।

ਇਸ ਦੌਰਾਨ ਬਲੈਕ ਕਮਿਊਨਿਟੀਜ਼ ਨੂੰ ਸਹਿਯੋਗ ਦੇਣ ਲਈ ਤੇ ਕੋਵਿਡ-19 ਦੇ ਪ੍ਰਭਾਵ ਤੋਂ ਉਭਰਨ ਲਈ 1.5 ਮਿਲੀਅਨ ਡਾਲਰ ਦਾ ਫੰਡ ਵੀ ਮੁਹੱਈਆ ਕਰਵਾਇਆ ਜਾਵੇਗਾ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh Producer/ Host
Cell: 416 662 1313
Email: punjabirang13@hotmail.com

# ਕੀ ਅਮਰੀਕੀ ਸਰਕਾਰ ਅਰਥ ਵਿਵਸਥਾ ਦੀ ਪ੍ਰਵਾਹ ਕਰਦੀ ਹੈ

-ਪਾਲ ਕ੍ਰੁਗਮੈਨ-

ਅਮਰੀਕਾ ਇੱਕ ਵਿਸ਼ਾਲ ਤੇ ਖਤਰਨਾਕ ਪ੍ਰਯੋਗ 'ਚ ਲੱਗਾ ਹੋਇਆ ਹੈ। ਬੇਸ਼ੱਕ ਸਮਾਜਕ ਦੂਰੀ ਨੇ ਕੋਰੋਨਾ ਵਾਇਰਸ ਦੇ ਪ੍ਰਸਾਰ ਨੂੰ ਸੀਮਤ ਕਰ ਦਿੱਤਾ ਹੈ, ਇਹ ਕੰਟਰੋਲ ਤੋਂ ਦੂਰ ਹੈ, ਫਿਰ ਵੀ ਮਹਾਂਮਾਰੀ ਵਿਗਿਆਨੀਆਂ ਦੀ ਚਿਤਾਵਨੀ ਦੇ ਬਾਵਜੂਦ ਦੇਸ਼ ਦਾ ਵਧੇਰੇ ਹਿੱਸਾ ਕਾਰੋਬਾਰ ਲਈ ਹਮੇਸ਼ਾ ਲਈ ਖੁੱਲ੍ਹਾ ਹੋਇਆ ਹੈ। ਤੁਸੀਂ ਸੋਚ ਸਕਦੇ ਹੋ ਕਿ ਇਸ ਤਰ੍ਹਾਂ ਦਾ ਮਹੱਤਵ ਪੂਰਨ ਕਦਮ ਵਿਸਥਾਰਤ ਤੁਕ ਨਾਲ ਆਵੇਗਾ, ਜਿਸ ਨਾਲ ਸਿਆਸੀ ਆਗੂ ਸਮਾਜਕ ਦੂਰੀ ਨੂੰ ਖਤਮ ਕਰਨ 'ਚ ਜ਼ੋਰ ਦੇ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਲੈ ਕੇ ਹੇਠਾਂ ਤੱਕ ਇਹ ਸਮਝਾਉਣ ਦੀ ਕੋਸ਼ਿਸ਼ ਕਰਨਗੇ ਕਿ ਸਾਨੂੰ ਜੋਖਮ ਕਿਉਂ ਚੁੱਕਣਾ ਚਾਹੀਦਾ ਹੈ, ਪਰ ਜੋ ਜਲਦੀ ਕਾਰੋਬਾਰ ਦੁਬਾਰਾ ਖੋਲ੍ਹਣ ਦਾ ਕਹਿੰਦੇ ਹਨ, ਉਹ ਵਪਾਰਬੰਦੀ ਦੇ ਬਾਰੇ ਖਾਸ ਤੌਰ 'ਤੇ ਚੁੱਪ ਹਨ। ਇਸ ਦੀ ਥਾਂ ਉਹ ਅਰਥ ਵਿਵਸਥਾ ਬਚਾਉਣ ਦੇ ਬਾਰੇ ਲਗਾਤਾਰ ਗੱਲ ਕਰ ਰਹੇ ਹਨ, ਹਾਲਾਂਕਿ ਮਹਾਂਮਾਰੀ 'ਚ ਆਰਥਿਕ ਨੀਤੀ ਬਾਰੇ ਸੋਚਣਾ ਬੁਰਾ ਤਰੀਕਾ ਹੈ।

ਆਖਰਕਾਰ ਅਰਥ ਵਿਵਸਥਾ ਦਾ ਮਕਸਦ ਕੀ ਹੈ? ਜੇ ਤੁਹਾਡਾ ਜਵਾਬ ਕੁਝ ਅਜਿਹਾ ਹੈ ਕਿ ਇਸ ਤੋਂ ਆਮਦਨ ਨੂੰ ਪੈਦਾ ਕੀਤਾ ਜਾਵੇ ਤਾਂ ਕਿ ਲੋਕ ਚੀਜ਼ਾਂ ਖਰੀਦਣ ਦੇ ਕਾਬਲ ਹੋਣ ਤਾਂ ਤੁਸੀਂ ਗਲਤ ਸੋਚ ਰਹੇ ਹੋ, ਪੈਸਾ ਅੰਤਿਮ ਟੀਚਾ ਨਹੀਂ ਹੈ। ਇਸ ਦਾ ਮਕਸਦ ਸਿਰਫ ਜੀਵਨ ਦੀ ਗੁਣਵੱਤਾ 'ਚ ਸੁਧਾਰ ਲਿਆਉਣਾ ਹੀ ਹੈ। ਪੈਸਾ ਮਾਇਨੇ ਰੱਖਦਾ ਹੈ। ਆਮਦਨ ਤੇ ਜੀਵਨ ਦੀ ਸੰਤੁਸ਼ਟੀ ਦਾ ਇੱਕ ਸਪੱਸ਼ਟ ਸੰਬੰਧ ਹੈ, ਪਰ ਇਹ ਸਿਰਫ ਇੱਕ ਚੀਜ਼ ਨਹੀਂ, ਜੋ ਮਾਇਨੇ ਰੱਖਦੀ ਹੈ। ਖਾਸ ਤੌਰ 'ਤੇ ਤੁਸੀਂ ਜਾਣਦੇ ਹੋ ਕਿ ਜੀਵਨ ਦੀ ਗੁਣਵੱਤਾ ਵਿੱਚ ਕਿਸ ਦਾ ਵੱਡਾ ਯੋਗਦਾਨ ਹੈ, ਜਦੋਂ ਅਸੀਂ ਨਾ ਮਰਨ ਦਾ ਮੁੱਲ ਸਮਝਦੇ ਹਾਂ ਤਦ ਮੁੜ ਤੋਂ ਖੋਲ੍ਹਣ ਦੀ ਜਲਦਬਾਜ਼ੀ ਅਸਲ 'ਚ ਬੁਰੇ ਵਿਚਾਰ ਵਾਲੀ ਦਿੱਸਦੀ ਹੈ।

ਅਸੀਂ ਹਾਈਵੇ ਸੁਰੱਖਿਆ 'ਤੇ ਬਹੁਤ ਖਰਚ ਕਰਦੇ ਹਾਂ, ਪਰ ਇਹ ਰੋਕੇ ਜਾਣ ਵਾਲੀ ਖਤਰਨਾਕ ਘਟਨਾ ਨੂੰ ਖਤਮ ਕਰਨ ਲਈ ਢੁੱਕਵੇਂ ਨਹੀਂ ਹਨ। ਅਸੀਂ ਖਤਰਨਾਕ ਪ੍ਰਦੂਸ਼ਣ ਤੋਂ ਬਚਣ ਲਈ ਕਾਰੋਬਾਰਾਂ ਨੂੰ ਕੰਟਰੋਲ ਕਰਦੇ ਹਾਂ। ਬੇਸ਼ੱਕ ਹੀ ਇਸ ਵਿੱਚ ਪੈਸਾ ਖਰਚ ਹੋਵੇ, ਪਰ ਪ੍ਰਦੂਸ਼ਣ ਨਾਲ ਸੰਬੰਧਤ ਸਾਰੀਆਂ ਮੌਤਾਂ ਨੂੰ ਖਤਮ ਕਰਨ ਲਈ ਅਸੀਂ ਢੁੱਕਵੇਂ ਉਪਾਅ ਨਹੀਂ ਕਰਦੇ। ਆਵਾਜਾਈ ਅਤੇ ਵਾਤਾਵਰਣ ਨੀਤੀ 'ਤੇ ਸਾਫ ਤੌਰ 'ਤੇ ਖਰਚ ਦਾ ਅੰਦਾਜ਼ਾ ਲਗਭਗ 10 ਮਿਲੀਅਨ ਡਾਲਰ ਹੈ। ਇਹ ਸੱਚ ਹੈ ਕਿ ਕੋਵਿਡ 19 ਦੀਆਂ ਮੌਤਾਂ ਬਿਰਧ ਅਮਰੀਕੀਆਂ ਦੇ ਦਰਮਿਆਨ ਕੇਂਦਰਿਤ ਹਨ, ਜੋ ਔਸਤ ਤੋਂ ਘੱਟ ਬਾਕੀ ਜੀਵਨ ਦੀ ਆਸ ਕਰ ਸਕਦੇ ਹਨ। ਦੋ ਅਧਿਐਨਾਂ ਦਾ ਸਿੱਟਾ ਹੈ ਕਿ ਸਮਾਜਕ ਦੂਰੀ ਦੀ ਅੰਦਾਜ਼ਨ ਲਾਗਤ ਤੇ ਲਾਭਾਂ ਦਾ ਅਸੀਂ ਜੀਵਨ ਦੀਆਂ ਕਦਰਾਂ ਕੀਮਤਾਂ 'ਚ ਧਿਆਨ ਰੱਖਦੇ ਹਾਂ। ਅਸਲ ਵਿੱਚ ਅਸੀਂ ਲੰਬੀ ਉਡੀਕ ਕੀਤੀ ਹੈ।





ਕੋਲੰਬੀਆ ਯੂਨੀਵਰਸਿਟੀ ਦੇ ਇੱਕ ਅੰਦਾਜ਼ੇ ਅਨੁਸਾਰ ਇੱਕ ਹਫਤਾ ਪਹਿਲਾਂ ਤਾਲਾਬੰਦੀ ਤੋਂ ਮਈ ਦੀ ਸ਼ੁਰੂਆਤ 'ਚ 36 ਹਜ਼ਾਰ ਲੋਕਾਂ ਦੀ ਜਾਨ ਬਚ ਸਕਦੀ ਸੀ। ਇੱਕ ਹੋਰ ਅੰਦਾਜ਼ਾ ਦੱਸਦਾ ਹੈ ਕਿ ਪਹਿਲਾਂ ਤੋਂ ਕੀਤੀ ਗਈ ਤਾਲਾਬੰਦੀ ਦਾ ਲਾਭ ਗੁਆਚੀ ਹੋਈ ਜੀ ਡੀ ਪੀ ਦੀ ਲਾਗਤ ਦਾ ਘੱਟ ਤੋਂ ਘੱਟ ਪੰਜ ਗੁਣਾ ਸੀ। ਯਕੀਨੀ ਤੌਰ 'ਤੇ ਮਹਾਂਮਾਰੀ ਵਿਗਿਆਨ ਦੇ ਪਹਿਲੇ ਅਨੁਮਾਨ ਬਹੁਤ ਵੱਧ ਨਿਸ਼ਚਿਤ ਹਨ, ਪਰ ਇਹ ਅਨਿਸ਼ਚਿਤਤਾ ਜ਼ਿਆਦਾ ਸਾਵਧਾਨੀ ਲਈ ਕੀਤੀ ਹੈ। ਬਹੁਤ ਦੇਰ ਤੋਂ ਖੋਲ੍ਹਿਆ ਗਿਆ ਅਤੇ ਅਸੀਂ ਬਹੁਤ ਸਾਰਾ ਪੈਸਾ ਗੁਆ ਦਿੱਤਾ। ਬਹੁਤ ਜਲਦੀ ਇਸ ਨੂੰ ਖੋਲ੍ਹਣ ਦਾ ਮਤਲਬ ਅਸੀਂ ਇਨਫੈਕਟਿਡ ਲੋਕਾਂ ਦੀ ਇੱਕ ਦੂਸਰੀ ਧਮਾਕਾਖੇਜ਼ ਲਹਿਰ ਦਾ ਜ਼ੋਖਮ ਉਠਾਉਂਦੇ ਹਾਂ, ਜੋ ਨਾ ਸਿਰਫ ਕਈ ਅਮਰੀਕੀਆਂ ਨੂੰ ਮਾਰ ਦੇਵੇਗੀ, ਸਗੋਂ ਇੱਕ ਹੋਰ ਜ਼ਿਆਦਾ ਮਹਿੰਗੀ ਤਾਲਾਬੰਦੀ ਲਈ ਸਾਨੂੰ ਮਜ਼ਬੂਤ ਕਰੇਗੀ।

ਫਿਰ ਕਿਉਂ ਟਰੰਪ ਪ੍ਰਸ਼ਾਸਨ ਲਾਗਤ ਅਤੇ ਲਾਭਾਂ ਦੇ ਤਰਕ ਸੰਗਤ ਵਿਸ਼ਲੇਸ਼ਣ ਦੇ ਸੰਦਰਭ 'ਚ ਮੁੜ ਤੋਂ ਖੋਲ੍ਹਣ ਲਈ ਆਪਣੇ ਧੱਕੇ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ? ਇਸ ਦਾ ਅਰਥ ਇਹ ਹੈ ਕਿ ਤਰਕਸ਼ਕਤੀ ਦੇ ਕੋਲ ਇੱਕ ਪੂਰਵਾਗ੍ਰਹਿ ਹੈ। ਜੇ ਅਸਲ 'ਚ ਅਮਰੀਕੀ ਸਰਕਾਰ ਅਰਥ ਵਿਵਸਥਾ ਦੀ ਪ੍ਰਵਾਹ ਕਰਦੀ ਹੈ ਤਾਂ ਕਾਰੋਬਾਰਾਂ ਨੂੰ ਮੁੜ ਤੋਂ ਖੋਲ੍ਹਣ ਵਾਲੇ ਉਤਸ਼ਾਹੀ ਲੋਕ ਚਾਹੁੰਦੇ ਹਨ ਕਿ ਲੋਕ ਮਾਸਕ ਨੂੰ ਪਹਿਨਣ, ਜੋ ਵਾਇਰਲ ਦੇ ਪ੍ਰਸਾਰ ਨੂੰ ਰੋਕ ਲਾਉਣ ਲਈ ਇੱਕ ਸਸਤਾ ਤਰੀਕਾ ਹੈ। ਇਸ ਦੀ ਥਾਂ ਉਨ੍ਹਾਂ ਨੇ ਸਾਵਧਾਨੀਆਂ ਦੀ ਸਭ ਤੋਂ ਉਚਿਤ ਪ੍ਰਕਿਰਿਆ ਵਿਰੁੱਧ ਸਭਿਆਚਾਰਕ ਜੰਗ ਛੇੜ ਦਿੱਤੀ ਹੈ। ਵ੍ਹਾਈਟ ਹਾਊਸ 'ਚ ਮਾਹਰਾਂ ਦੀ ਚਿਤਾਵਨੀ ਦੇ ਨਾਲ ਇਹ ਦੱਸਿਆ ਹੈ ਕਿ ਦੁਬਾਰਾ ਖੋਲ੍ਹਣ ਦਾ ਜ਼ੋਖਮ ਬਹੁਤ ਹੈ। ਕੰਲੋਬੀਆਈ ਖੋਜ ਦਰਸਾਉਂਦੀ ਹੈ ਕਿ ਪਹਿਲਾਂ ਤੋਂ ਕੀਤੀ ਕਾਰਵਾਈ ਨਾਲ ਕਈ ਜਾਨਾਂ ਬਚ ਸਕਦੀਆਂ ਸਨ।

ਟਰੰਪ ਨੇ ਜਵਾਬ ਦਿੱਤਾ ਕਿ ਕੋਲੰਬੀਆ ਇੱਕ ਉਦਾਰਵਾਦ, ਨਿਰਾਦਰ ਕਰਨ ਵਾਲੀ ਸੰਸਥਾ ਹੈ। ਉਹ ਲਾਕਡਾਊਨ 'ਚ ਕਾਲ ਕਰਨ 'ਚ ਮਾਹਰਾਂ ਤੋਂ ਅੱਗੇ ਹਨ। ਟਰੰਪ ਅਤੇ ਉਨ੍ਹਾਂ ਦੇ ਅਧਿਕਾਰੀਆਂ ਨੇ ਰਸਤੇ ਦੇ ਹਰ ਕਦਮ 'ਤੇ ਕੋਵਿਡ 19 ਦੀਆਂ ਮੌਤਾਂ ਨੂੰ ਘਟਾ ਕੇ ਮਿਥਿਆ ਹੈ। ਟਰੰਪ ਅਤੇ ਰੂੜੀਵਾਦੀ ਆਮ ਤੌਰ 'ਤੇ ਇਹ ਮੰਨਦੇ ਹਨ ਕਿ ਕੋਵਿਡ 19 ਇੱਕ ਸਮੁੱਚਾ ਖਤਰਾ ਨਹੀਂ ਹੈ ਅਤੇ ਕਿਸੇ ਵੀ ਤਰ੍ਹਾਂ ਇਹ ਦੂਰ ਹੋ ਜਾਵੇਗਾ ਅਤੇ ਲੋਕ ਇਸ ਦੇ ਬਾਰੇ ਭੁੱਲ ਜਾਣਗੇ। ਇਸ ਲਈ ਚਿਹਰੇ 'ਤੇ ਮਾਸਕ ਲਗਾਉਣ ਨਾਲ ਲੋਕਾਂ ਨੂੰ ਯਾਦ ਰਹਿੰਦਾ ਹੈ ਕਿ ਵਾਇਰਸ ਅਜੇ ਵੀ ਪਕੜ ਤੋਂ ਬਾਹਰ ਹੈ।

# ਆਤਮ ਕਥਾ ਲਿਖਾਂ ਜਾਂ ਨਾ

-ਡਾ. ਹਰਨੇਕ ਸਿੰਘ ਕੈਲੇ



ਕਦੇ ਕਦੇ ਮੈਂ ਸੋਚਦਾ ਹਾਂ ਕਿ ਆਪਣੀ ਆਤਮ ਕਥਾ ਲਿਖਣ ਲੱਗ ਪਵਾਂ। ਬਚਪਨ ਦੀਆਂ ਨਿੱਕੀਆਂ ਨਿੱਕੀਆਂ ਗੱਲਾ, ਆਪਣੇ ਹਮ ਉਮਰ ਬੱਚਿਆਂ ਨਾਲ ਖੇਡਣ ਦੀਆਂ ਗੱਲਾਂ ਬਹੁਤ ਯਾਦ ਆਉਂਦੀਆਂ ਹਨ। ਛੋਟੇ ਹੁੰਦਿਆਂ ਘਰ ਦੇ ਟੀਨ ਦੇ ਮੋਘੇ 'ਤੇ ਅਲਫ ਬੇ ਲਿਖਣ ਤੋਂ ਲੈ ਕੇ ਮੁਲਕ ਆਜ਼ਾਦ ਹੋਣ ਮਗਰੋਂ ਕੱਚੇ ਦਰਵਾਜ਼ੇ ਵਿੱਚ ਬੀਬੀ ਜੀ ਕੋਲੋਂ ੳ ਅ ਸਿੱਖਣ ਤੇ ਫਿਰ ਪਿੰਡ ਦੇ ਡਿਸਟ੍ਰਿਕਟ ਬੋਰਡ ਪ੍ਰਾਇਮਰੀ ਸਕੂਲ ਵਿੱਚ ਪਹਿਲੀ ਤੋਂ ਚੌਥੀ ਤੱਕ ਪੜ੍ਹਨ ਵੇਲੇ ਦੀਆਂ ਗੱਲਾਂ ਜ਼ਿਹਨ ਵਿੱਚ ਬੈਠੀਆਂ ਹਨ। ਪੰਜਵੀਂ ਤੋਂ ਦਸਵੀਂ ਤੱਕ ਦੀ ਪੜ੍ਹਾਈ ਗਾਂਧੀ ਸਕੂਲ ਅਹਿਮਦਗੜ੍ਹ ਤੋਂ ਕਰਨ ਵੇਲੇ ਦੀਆਂ ਕਿੰਨੀਆਂ ਗੱਲਾਂ ਯਾਦ ਆਉਂਦੀਆਂ ਹਨ, ਜਿਵੇਂ ਮੇਰੇ ਇੱਕ ਜਮਾਤੀ ਨੂੰ ਜਦ ਮਾਸਟਰ ਜੀ ਨੇ ਪੁੱਛਣਾ, ਥ੍ਰਸਟੀ ਕਰੋਅ ਯਾਦ ਐ ਤਾਂ ਉਸ ਨੇ ਐਵੇਂ ਆਖ ਦੇਣਾ, ਵਿੱਚੋਂ-ਵਿੱਚੋਂ ਭੁੱਲਦਾ ਜੀ, ਪਰ ਸੁਣਾ ਪਹਿਲਾ ਵਾਕ ਵੀ ਨਾ ਸਕਣਾ ਤੇ ਫਿਰ ਉਸ ਦੇ ਡੰਡੇ ਪੈਣੇ। ਦਸਵੀਂ ਤੱਕ ਦੇ ਮੇਰੇ ਕਈ ਜਮਾਤੀ ਤੇ ਅਧਿਆਪਕਾਂ ਨੂੰ ਭੁੱਲਣਾ ਸੌਖ ਨਹੀਂ। ਮੈਟ੍ਰਿਕ ਕਰਨ ਮਗਰੋਂ ਮੈਂ ਆਪਣੇ ਵੱਡੇ ਭਰਾ ਮਹਿੰਦਰ ਸਿੰਘ ਕੈਲੇ ਕੋਲ ਚੰਡੀਗੜ੍ਹ ਚਲਿਆ ਗਿਆ। ਉਥੇ ਮੈਂ ਸਰਕਾਰੀ ਕਾਲਜ, ਚੰਡੀਗੜ੍ਹ ਤੋਂ ਪਹਿਲਾਂ ਐਫ ਐੱਸ ਸੀ (ਨਾਨ ਮੈਡੀਕਲ) ਅਤੇ ਫਿਰ ਬੀ ਏ (ਫਿਜ਼ੀਕਸ, ਏ ਕੋਰਸ) ਕੀਤੀ। ਇਥੇ ਹੀ ਮੈਨੂੰ ਸਾਹਿਤ ਪ੍ਰੇਮ ਹੋਇਆ ਤੇ ਮੈਂ ਕਵਿਤਾ ਲਿਖਣ ਲੱਗ ਪਿਆ। ਵਿਹਲੇ ਪੀਰੀਅਡਾਂ ਵਿੱਚ ਕਾਲਜ ਦੇ ਕਿਸੇ ਕੋਨੇ ਵਿੱਚ ਪੰਜ-ਸੱਤ ਸ਼ਾਇਰ ਦੋਸਤਾਂ ਨਾਲ ਕਾਵਿ ਗੋਸ਼ਟੀਆਂ ਹੁੰਦੀਆਂ ਰਹਿੰਦੀਆਂ। ਮੈਨੂੰ ਮੇਰੇ ਸਾਹਿਤਕ ਗੁਰੂ ਡਾਕਟਰ ਬਲਬੀਰ ਸਿੰਘ ਦਾ ਦੇਣ ਕਦੇ ਨਹੀਂ ਭੁੱਲਦਾ। ਉਨ੍ਹਾਂ ਦੀ ਹੱਲਾਸ਼ੇਰੀ ਕਰ ਕੇ ਹੀ ਮੇਰੀ ਪਹਿਲੀ ਪੁਸਤਕ 'ਐੱਫ ਆਈ ਆਰ' (ਮਿੰਨੀ ਕਹਾਣੀ ਸੰਗ੍ਰਹਿ) ਛਪੀ ਸੀ।

ਮੈਨੂੰ ਉਹ ਦਿਨ ਬਹੁਤ ਯਾਦ ਆਉਂਦਾ ਹੈ, ਜਦ ਮੈਂ (ਇੱਕ ਸਤੰਬਰ 1962 ਨੂੰ) ਟਰੰਕ ਵਿੱਚ ਲੋੜੀਂਦਾ ਸਾਮਾਨ ਤੇ ਕੱਪੜੇ ਵਗੈਰਾ ਪਾ ਕੇ ਬਸ ਰਾਹੀਂ ਪੰਚਾਇਤ ਹਾਈ ਸਕੂਲ ਘੱਗਾ (ਜ਼ਿਲ੍ਹਾ ਪਟਿਆਲਾ) ਸਾਇੰਸ ਮੈਥ ਮਾਸਟਰ ਵਜੋਂ ਆਪਣੀ ਪਹਿਲੀ ਨੌਕਰੀ ਜੁਆਇਨ ਕਰਨ ਗਿਆ ਸੀ। ਸੈਸ਼ਨ ਖਤਮ ਹੋਣ 'ਤੇ ਮੈਂ ਇਹ ਸਕੂਲ ਛੱਡ ਦਿੱਤਾ ਅਤੇ ਦੋ ਕੁ ਮਹੀਨੇ ਆਪਣੇ ਪਿੰਡ ਛਪਾਰ ਨੇੜੇ ਬਾਰ ਖਲਸਾ ਹਾਈ ਸਕੂਲ ਲਤਾਲਾ ਵਿਖੇ ਪੜ੍ਹਾ ਕੇ ਸਰਕਾਰੀ ਕਾਲਜ, ਲੁਧਿਆਣਾ ਵਿਖੇ ਐੱਮ ਏ (ਅੰਗਰੇਜ਼ੀ) ਕਰਨ ਲੱਗ ਪਿਆ ਸੀ। ਆਪਣੇ ਪਹਿਲੇ ਸਕੂਲ ਵਿੱਚ ਪੜ੍ਹਾਉਣ ਦੌਰਾਨ ਅਧਿਆਪਕ ਕਿੱਤੇ ਨਾਲ ਐਸਾ ਮੋਹ ਪਿਆ ਕਿ ਮੈਂ ਹਮੇਸ਼ਾ ਲਈ ਇਸ ਨਾਲ ਜੁੜੇ ਰਹਿਣ ਦਾ ਮਨ ਬਣਾ ਲਿਆ ਸੀ।

1965 ਵਿੱਚ ਐੱਮ ਏ ਕਰ ਕੇ ਮੈਂ ਗਾਂਧੀ ਸਕੂਲ ਅਹਿਮਦਗੜ੍ਹ ਵਿੱਚ ਸਾਲ ਕੁ ਪੜ੍ਹਾਇਆ ਤੇ ਫਿਰ ਦੋ ਮਹੀਨੇ ਖਾਲਸਾ ਸਕੂਲ, ਮੰਡੀ ਬਹਾਦਰਗੜ੍ਹ ਲਾ ਕੇ ਗੁਰੂਸਰ ਸੁਧਾਰ ਬੀ ਐੱਡ ਜੁਆਇਨ ਕਰ ਲਈ। ਬੀ ਐੱਡ ਕਰਨ ਮਗਰੋਂ ਪ੍ਰੋ. ਕੇ ਕੇ ਭਾਟੀਆ ਦੇ ਜਾਣ 'ਤੇ ਮੈਂ 14 ਅਗਸਤ 1967 ਨੂੰ ਇਥੇ ਹੀ ਲੈਕਚਰਾਰ ਲੱਗ ਗਿਆ ਅਤੇ ਪੈਂਤੀ ਵਰ੍ਹੇ ਇਥੇ ਰਿਹਾ। ਜਦ ਮੈਂ ਇਥੋਂ ਦੀਆਂ ਗੱਲਾਂ ਲਿਖਣ ਬਾਰੇ ਸੋਚਦਾ ਹਾਂ ਤਾਂ ਕੁਝ ਹਿਚਕਚਾਹਟ ਜਿਹੀ ਮਹਿਸੂਸ ਹੁੰਦੀ ਹੈ। ਮੇਰਾ ਲੈਕਚਰਸ਼ਿਪ ਦਾ ਸਾਰਾ ਸਮਾਂ ਵਧੀਆ ਰਿਹਾ। ਇਸ ਦੌਰਾਨ ਮੇਰਾ ਵਿਆਹ ਹੋਇਆ ਅਤੇ ਬੱਚੇ ਹੋਏ। ਅਧਿਆਪਕ ਦੇ ਨਾਲ-ਨਾਲ ਐੱਮ ਐੱਡ ਮਗਰੋਂ ਮੈਂ ਐਮ ਫਿੱਲ ਤੇ ਫਿਰ ਪੀ ਐੱਚ ਡੀ ਕਰ ਕੇ ਤਿੰਨ ਵਿਦਿਆਰਥੀਆਂ ਨੂੰ ਪੀ ਐੱਚ ਡੀ ਕਰਵਾਈ। ਮੇਰੀਆਂ ਲਿਖੀਆਂ ਕਈ ਪੁਸਤਕਾਂ ਪ੍ਰਕਾਸ਼ਤ ਹੋਈਆਂ।

ਮੇਰੇ ਪ੍ਰਿੰਸੀਪਲ ਕਾਲ ਦੌਰਾਨ ਕਿੰਨਾ ਕੁਝ ਅਜਿਹਾ ਵਾਪਰਿਆ ਜਿਹੜਾ ਨਾ ਤਾਂ ਮੇਰੇ ਸੁਭਾਅ ਦੇ ਅਨੁਕੂਲ ਸੀ ਤੇ ਨਾ ਸੰਸਥਾ ਦੇ ਹਿੱਤ ਵਿੱਚ ਸੀ। ਗੱਲ ਇਹ ਸੀ ਕਿ ਮੈਥੋਂ ਕੁਝ ਪ੍ਰਭਾਵਸ਼ਾਲੀ ਲੋਕਾਂ ਦੀ ਹਾਂ ਵਿੱਚ ਹਾਂ ਨਹੀਂ ਮਿਲਾਈ ਗਈ। ਮੇਰਾ ਸਾਰਾ ਜ਼ੋਰ ਆਪਣਾ ਪ੍ਰਿੰਸੀਪਲ ਦਾ ਅਹੁਦਾ ਬਚਾਉਣ ਲਈ ਲੱਗ ਗਿਆ ਤੇ ਕਾਲਜ ਲਈ ਉਹ ਕੁਝ ਨਹੀਂ ਕਰ ਸਕਿਆ, ਜੋ ਕਰਨਾ ਚਾਹੀਦਾ ਸੀ, ਪਰ ਮੈਂ ਇਸ ਸੰਸਥਾ ਦਾ ਬੇਹੱਦ ਰਿਣੀ ਹਾਂ ਕਿ ਇਸ ਨੇ ਮੈਨੂੰ ਸਾਰੀ ਉਮਰ ਰੋਜ਼ੀ-ਰੋਟੀ ਦਿੱਤੀ। ਮੈਂ ਆਪਣੀ ਜ਼ਿੰਦਗੀ ਦਾ ਬਹੁਤ ਖੂਬਸੂਰਤ ਸਮਾਂ ਇਥੇ ਹੀ ਬਿਤਾਇਆ ਹੈ। ਇਸ ਦੇ ਨਾਲ ਲੱਗਦੇ ਛੇਵੀਂ ਪਾਤਸ਼ਾਹੀ ਨਾਲ ਸਬੰਧਤ ਗੁਰਦੁਆਰਾ ਸਾਹਿਬ ਤੋਂ ਮੈਨੂੰ ਬੇਹੱਦ ਸ਼ਕਤੀ ਮਿਲੀ।

ਸੇਵਾਮੁਕਤੀ 'ਤੇ ਮੇਰੇ ਪੁਰਾਣੇ ਵਿਦਿਆਰਥੀਆਂ ਤੇ ਇਲਾਕਾ ਵਾਸੀਆਂ ਵੱਲੋਂ ਮੇਰੇ ਸਨਮਾਨ ਵਿੱਚ ਸਥਾਨਕ ਟੌਰ ਸਨਜ਼ ਪੈਲੇਸ ਵਿਖੇ ਦੋ ਅਕਤੂਬਰ 2002 ਨੂੰ ਕੀਤੇ ਸਮਾਰੋਹ ਨੂੰ ਯਾਦ ਕਰ ਕੇ ਮੈਨੂੰ ਹੁਣ ਵੀ ਬਹੁਤ ਸਕੂਨ ਮਿਲਦਾ ਹੈ। ਕਾਲਜ ਤੋਂ ਸੇਵਾਮੁਕਤੀ ਪਿੱਛੋਂ ਬੋਪਾਰਾਏ ਕਲਾਂ ਦੀਆਂ ਸੰਤ ਸੁੰਦਰ ਸਿੰਘ ਵਿਦਿਅਕ ਸੰਸਥਾਵਾਂ, ਨਾਲਾਗੜ੍ਹ ਦੇ ਹਿਮਾਚਲ ਕਾਲਜ ਆਫ ਐਜੂਕੇਸ਼ਨ, ਮਸਤੂਆਣਾ ਸਾਹਿਬ ਦੇ ਅਕਾਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਵਜੋਂ ਨਿਭਾਈਆਂ ਸੇਵਾਵਾਂ ਦੀਆਂ ਕਈ ਗੱਲਾਂ ਲਿਖਣ ਵਾਲੀਆਂ ਹਨ। ਸਮਾਂ ਆਉਣ 'ਤੇ ਜ਼ਰੂਰ ਲਿਖਾਂਗਾ।

# ਅਧਿਆਪਕ ਦੀਆਂ ਝਿੜਕਾਂ ਤੇ ਮਾਂ ਦੇ ਹੰਝੂਆਂ ਦਾ ਅਸਰ

-ਲੋਕੇਸ਼ ਭਾਰਦਵਾਜ-

ਜਦੋਂ ਮੈਂ ਬਾਰ੍ਹਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਉਦੋਂ ਮੇਰੇ ਲਈ ਇਹ ਜਮਾਤ ਪਾਸ ਕਰਨੀ ਬਹੁਤ ਮੁਸ਼ਕਿਲ ਗੱਲ ਸੀ, ਕਿਉਂਕਿ ਮੈਂ ਪੜ੍ਹਾਈ ਵੱਲ ਬਿਲਕੁਲ ਧਿਆਨ ਨਹੀਂ ਸੀ ਦਿੰਦਾ। ਮੇਰੇ ਇਕ ਅਧਿਆਪਕ ਮੈਨੂੰ ਪੜ੍ਹਨ ਸਬੰਧੀ ਅਕਸਰ ਝਿੜਕਦਾ ਰਹਿੰਦਾ ਸੀ, ਪਰ ਉਦੋਂ ਮੈਂ ਉਨ੍ਹਾਂ ਦੀਆਂ ਗੱਲਾਂ ਦਾ ਧਿਆਨ ਨਹੀਂ ਦਿੰਦਾ ਸੀ। ਮੈਂ ਇਕ ਇਹੋ ਜਿਹਾ ਵਿਦਿਆਰਥੀ ਸੀ, ਜੋ ਹਰ ਸਮੇਂ ਕਿਸੇ ਸ਼ਰਾਰਤ ਬਾਰੇ ਸੋਚਦਾ ਰਹਿੰਦਾ। ਇਸ ਕਰਕੇ ਮੇਰੇ ਲਈ 12ਵੀਂ ਦੀ ਪ੍ਰੀਖਿਆ ਨੂੰ ਪਾਸ ਕਰਨਾ ਅਸੰਭਵ ਬਣ ਗਿਆ ਸੀ। ਮੇਰੇ ਅਧਿਆਪਕ ਅਕਸਰ ਹੀ ਮੈਨੂੰ ਜਮਾਤ ਵਿੱਚੋਂ ਬਾਹਰ ਕੱਢ ਦਿੰਦੇ ਸਨ, ਪਰ ਮੈਂ ਕਦੇ ਉਨ੍ਹਾਂ ਦੀ ਇਸ ਗੱਲ ਦਾ ਬੁਰਾ ਨਹੀਂ ਸੀ ਮਨਾਇਆ। ਮੇਰੇ ਲਈ ਇਹ ਆਮ ਜਿਹੀ ਗੱਲ ਹੋ ਗਈ ਸੀ, ਜਿਸ ਨੂੰ ਮੈਂ ਕਦੇ ਵੀ ਆਪਣੇ ਉਤੇ ਭਾਰੂ ਨਾ ਹੋਣ ਦਿੱਤਾ। ਮੇਰੇ ਸਹਿਪਾਠੀ ਕੁਝ ਇਸ ਤਰ੍ਹਾਂ ਦੇ ਮਜ਼ਾਕੀਆ ਸੁਭਾਅ ਦੇ ਸਨ ਕਿ ਜੇ ਮੈਂ ਕਦੇ ਕਿਸੇ ਅਧਿਆਪਕ ਦੀ ਝਿੜਕ ਸੁਣ ਕੇ ਉਦਾਸ ਵੀ ਹੁੰਦਾ ਤਾਂ ਉਹ ਮੈਨੂੰ ਗੱਲ ਦਿਲ 'ਤੇ ਨਾ ਲੈਣ ਦਿੰਦੇ। ਇਸ ਤਰ੍ਹਾਂ ਸਮਾਂ ਲੰਘਦਾ ਗਿਆ ਤੇ ਆਖਰ ਛਿਮਾਹੀ ਪ੍ਰੀਖਿਆ ਦਾ ਸਮਾਂ ਆ ਗਿਆ।

ਮੈਨੂੰ ਉਸ ਸਮੇਂ ਅਜਿਹਾ ਲੱਗ ਰਿਹਾ ਸੀ ਕਿ ਮੈਂ ਬਹੁਤ ਵੱਡੀ ਮੁਸੀਬਤ ਵਿੱਚ ਹਾਂ, ਪਰ ਮੈਂ ਔਖੇ ਸੌਖੇ ਹੋ ਕੇ ਸਮਾਂ ਕੱਢਿਆ। ਮੈਂ ਉਸ ਪ੍ਰੀਖਿਆ ਦੇ ਨਤੀਜੇ ਕੋਲੋਂ ਬਹੁਤ ਡਰ ਰਿਹਾ ਸੀ। ਜਦੋਂ ਪ੍ਰੀਖਿਆ ਦਾ ਨਤੀਜਾ ਆਇਆ ਤੇ ਮੈਂ ਉਸ ਅਧਿਆਪਕ ਦੇ ਵਿਸ਼ੇ ਵਿੱਚੋਂ ਫੇਲ੍ਹ ਹੋ ਗਿਆ ਜੋ ਮੈਨੂੰ ਹਰ ਸਮੇਂ ਪੜ੍ਹਾਈ ਵੱਲ ਧਿਆਨ ਦੇਣ ਲਈ ਟੋਕਦਾ ਰਹਿੰਦਾ ਸੀ, ਪਰ ਮੈਂ ਫਿਰ ਵੀ ਉਸ ਵਿਸ਼ੇ ਵੱਲ ਧਿਆਨ ਨਹੀਂ ਦਿੱਤਾ।

ਇਕ ਵਾਰ ਅਸੀਂ ਕੰਟੀਨ ਤੋਂ ਬਾਹਰ ਵੱਲ ਆ ਰਹੇ ਸੀ ਤਾਂ ਮੇਰੇ ਵੱਲ ਉਹ ਅਧਿਆਪਕ ਅਜੀਬ ਜਿਹੀ ਨਜ਼ਰ ਨਾਲ ਵੇਖ ਰਿਹਾ ਸੀ। ਮੈਂ ਹੱਸਦਾ ਹੋਇਆ ਬਾਹਰ ਵੱਲ ਨੂੰ ਆ ਰਿਹਾ ਸੀ। ਜਦੋਂ ਮੈਂ ਉਸ ਦੀਆਂ ਅੱਖਾਂ ਵਿੱਚ ਤੱਕਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਇੰਜ ਜਾਪਿਆ ਕਿ ਜਿਵੇਂ ਮੈਂ ਕੋਈ ਬਹੁਤ ਵੱਡੀ ਗਲਤੀ ਕਰ ਦਿੱਤੀ ਹੋਵੇ ਤੇ ਉਹ ਮੈਨੂੰ ਬਹੁਤ ਜ਼ਿਆਦਾ ਝਿੜਕਣਾ ਚਾਹੁੰਦੇ ਹਨ। ਉਨ੍ਹਾਂ ਦਾ ਪੀਰੀਅਡ ਸਾਡੀ ਜਮਾਤ ਵਿੱਚ ਅੱਧੀ ਛੁੱਟੀ ਤੋਂ ਬਾਅਦ ਸੀ। ਮੈਂ ਕੰਟੀਨ ਵਿੱਚੋਂ ਨਿਕਲ ਕੇ ਜਮਾਤ ਵਿੱਚ ਉਨ੍ਹਾਂ ਤੋਂ ਪਹਿਲਾਂ ਪਹੁੰਚ ਗਿਆ। ਜਿਉਂ ਹੀ ਉਹ ਸਾਡੀ ਜਮਾਤ ਵਿੱਚ ਦਾਖਲ ਹੋਏ ਤਾਂ ਬੁਲੰਦ ਜਿਹੀ ਆਵਾਜ਼ ਵਿੱਚ ਬੋਲੇ, 'ਮੈਂ ਤੁਹਾਨੂੰ ਘਰੋਂ ਕੰਮ ਕਰਨ ਲਈ ਦਿੱਤਾ ਸੀ। ਕੀ ਤੁਸੀਂ ਉਹ ਕੰਮ ਕਰਕੇ ਆਏ ਹੋ?' ਇਹ ਗੱਲ ਸੁਣ ਕੇ ਮੇਰੇ ਦਿਲ ਦੀ ਧੜਕਣ ਵਧ ਗਈ। ਮੈਂ ਇਕ ਬੁਰਾ ਖਿਆਲ ਸੋਚ ਰਿਹਾ ਸੀ ਕਿ ਅਧਿਆਪਕ ਨੇ ਮੇਰੇ ਵੱਲ ਇਸ਼ਾਰਾ ਕਰਕੇ ਉਨ੍ਹਾਂ ਕਿਹਾ, 'ਹਾਂ ਬਈ ਮੁੰਡਿਆ! ਆ ਤੇਰਾ ਕੰਮ ਵੇਖੀਏ ਅੱਜ ਸਭ ਤੋਂ ਪਹਿਲਾਂ।' ਉਨ੍ਹਾਂ ਦੀ ਗੱਲ ਸੁਣ ਕੇ ਮੈਂ ਨੀਵੀਂ ਪਾ ਕੇ ਹੌਲੀ ਜਿਹੀ ਆਵਾਜ਼ ਵਿੱਚ ਆਖਿਆ ਕਿ ਮੈਂ ਕਾਪੀ ਘਰ ਭੁੱਲ ਆਇਆ ਹਾਂ। ਇਹ ਮੇਰਾ ਤਕੀਆ ਕਲਾਮ ਸੀ। ਉਨ੍ਹਾਂ ਨੇ ਮੇਰੇ ਵੱਲ ਵੇਖਦਿਆਂ ਮੈਨੂੰ ਬੈਠਣ ਲਈ ਕਹਿ ਦਿੱਤਾ। ਉਨ੍ਹਾਂ ਦੇ ਇਸ ਰੁਖ ਨੇ ਮੈਨੂੰ ਬਹੁਤ ਹੈਰਾਨ ਕੀਤਾ। ਸਮਾਂ ਬੀਤਦਾ ਗਿਆ ਤੇ ਸਕੂਲ ਤੋਂ ਛੁੱਟੀ ਹੋ ਗਈ ਤੇ ਮੈਂ ਖੁਸ਼ ਹੋ ਕੇ ਘਰ ਵੱਲ ਨੂੰ ਚੱਲ ਪਿਆ। ਅਗਲੇ ਦਿਨ ਜਦੋਂ ਉਨ੍ਹਾਂ ਦੇ ਪੀਰੀਅਡ ਦਾ ਸਮਾਂ ਆਇਆ ਤਾਂ ਸਾਨੂੰ ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਪਤਾ ਲੱਗ ਗਿਆ ਕਿ ਉਸ ਦਿਨ ਉਹ ਸਾਡਾ ਪੀਰੀਅਡ ਨਹੀਂ ਲੈਣਗੇ। ਮੈਨੂੰ ਇਸ ਦੀ ਖੁਸ਼ੀ ਹੋਈ ਤੇ ਮੈਂ ਕੁਝ ਗੁਣਗੁਣਾਉਂਦਾ ਹੋਇਆ ਸਕੂਲ ਦੇ ਖੇਡ ਦੇ ਮੈਦਾਨ ਵੱਲ ਚੱਲ ਪਿਆ। ਰਸਤੇ ਵਿੱਚ ਸਕੂਲ ਦੇ ਚਪੜਾਸੀ ਨੇ ਕਿਹਾ ਕਿ ਮੈਨੂੰ ਮਾਸਟਰ ਜੀ ਨੇ ਆਪਣੇ ਕਮਰੇ ਵਿੱਚ ਬੁਲਾਇਆ ਹੈ। ਮੈਂ ਬੇਫਿਕਰ ਜਿਹਾ ਹੋ ਕੇ ਉਨ੍ਹਾਂ ਦੇ ਕਮਰੇ ਵੱਲ ਵਧਿਆ ਤੇ ਜਦੋਂ ਮੈਂ ਕਮਰੇ ਦੇ ਦਰਵਾਜ਼ੇ ਕੋਲ ਪਹੁੰਚਿਆ ਤਾਂ ਦੇਖਿਆ ਕਿ ਅੰਦਰ ਮਾਸਟਰ ਜੀ ਨਾਲ ਮੇਰੇ ਮਾਤਾ ਜੀ ਬੈਠੇ ਹਨ। ਉਸ ਸਮੇਂ ਮਾਤਾ ਜੀ ਨੂੰ ਵੇਖ ਕੇ ਇੰਜ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਹ ਬਹੁਤ ਦੁਖੀ ਹੋਣ। ਮੈਂ ਕਮਰੇ ਵਿੱਚ ਦਾਖਲ ਹੋ ਗਿਆ ਤੇ ਆਪਣੇ ਮਾਤਾ ਜੀ ਨੂੰ ਪੁੱਛਿਆ ਕਿ ਉਹ ਇੰਨੇ ਉਦਾਸ ਕਿਉਂ ਹਨ। ਸਭ ਠੀਕ ਤਾਂ ਹੈ? ਮੈਂ ਹਾਲੇ ਬੋਲ ਹੀ ਰਿਹਾ ਸਾਂ ਕਿ ਮਾਸਟਰ ਜੀ ਨੇ ਮੈਨੂੰ ਉਚੀ-ਉਚੀ ਝਿੜਕਣਾ ਸ਼ੁਰੂ ਕਰ ਦਿੱਤਾ।



ਉਸ ਸਮੇਂ ਮੈਨੂੰ ਇਵੇਂ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਦਾ ਗੁੱਸਾ ਅੱਗ ਬਣ ਕੇ ਮੇਰੇ ਉਤੇ ਵਰ੍ਹਾ ਰਿਹਾ ਹੋਵੇ। ਉਸ ਸਮੇਂ ਮੇਰੇ ਮਾਤਾ ਜੀ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ। ਉਨ੍ਹਾਂ ਹੰਝੂਆਂ ਨੂੰ ਵੇਖ ਕੇ ਮੈਂ ਤਹੱਈਆ ਕਰ ਲਿਆ ਕਿ ਮੈਂ ਭਵਿੱਖ ਵਿੱਚ ਉਨ੍ਹਾਂ ਨੂੰ ਅਜਿਹੀ ਨਮੋਸ਼ੀ ਵਿੱਚੋਂ ਨਹੀਂ ਗੁਜ਼ਰਨ ਦਿਆਂਗਾ। ਇਸ ਤਹੱਈਏ ਸਦਕਾ ਹੀ ਮੈਂ ਬਾਰ੍ਹਵੀਂ ਜਮਾਤ ਪਾਸ ਕਰ ਗਿਆ। ਮਾਂ ਦੇ ਹੰਝੂਆਂ ਅਤੇ ਅਧਿਆਪਕ ਦੀਆਂ ਝਿੜਕਾਂ ਦੀ ਯਾਦ ਅਗਲੇ ਸਾਲਾਂ ਦੌਰਾਨ ਵੀ ਮਿਹਨਤ ਕਰਨ ਲਈ ਸੇਧਗਾਰ ਬਣਦੀ ਰਹੀ।

# ਇੱਕ ਵਿਆਹ ਵਿੱਚ ਮੁਹਾਵਰਿਆਂ ਦੀ ਵਰਤੋਂ

-ਗੁਰਦੀਪ ਸਿੰਘ

ਮੇਰੇ ਵੱਡੇ ਸਾਲਾ ਸਾਹਿਬ ਭਗਤ ਸਿੰਘ ਸੋਹਲ ਐਡਵੋਕੇਟ ਹਨ। ਉਨ੍ਹਾਂ ਦੀ ਰਿਹਾਇਸ਼ ਬਠਿੰਡੇ ਤੇ ਜ਼ੀਰਕਪੁਰ ਦੋਵਾਂ ਥਾਵਾਂ 'ਤੇ ਹੈ। ਉਨ੍ਹਾਂ ਤੋਂ ਛੋਟੇ ਸੁਖਦੇਵ ਸਿੰਘ ਸੋਹਲ ਬਿਜਲੀ ਬੋਰਡ ਦੇ ਨਿਗਰਾਨ ਇੰਜੀਨੀਅਰ ਵਜੋਂ ਪਿੱਛੇ ਜਿਹੇ ਸੇਵਾ ਮੁਕਤ ਹੋਏ ਹਨ। ਇਹ ਗਰਮੀਆਂ ਵਿੱਚ ਕੈਨੇਡਾ ਚਲੇ ਜਾਂਦੇ ਹਨ ਤੇ ਸਰਦੀਆਂ ਵਿੱਚ ਬਠਿੰਡੇ ਆ ਜਾਂਦੇ ਹਨ। ਸਭ ਤੋਂ ਛੋਟੇ ਰਾਜਵਿੰਦਰ ਸਿੰਘ ਸੋਹਲ ਪੰਜਾਬ ਪੁਲਸ ਦੇ ਉੱਚ ਅਧਿਕਾਰੀ ਹਨ, ਇਨ੍ਹਾਂ ਦੀ ਪੱਕੀ ਰਿਹਾਇਸ਼ ਚੰਡੀਗੜ੍ਹ ਹੈ। ਇਨ੍ਹਾਂ ਦਾ ਘਰੇਲੂ ਨਾਂ ਰਾਜ ਹੈ। ਮੇਰੀ ਪੋਤੀ ਗੁੱਡੂ ਉਦੋਂ ਅਜੇ ਮਸਾਂ ਹੀ ਅੱਠ-ਨੌਂ ਸਾਲ ਦੀ ਹੋਵੇਗੀ ਕਿ ਇੱਕ ਦਿਨ ਘਰੇ ਅਚਾਨਕ ਹੀ ਬੈਠੀ ਬੈਠੀ ਆਪਣੀ ਦਾਦੀ ਨੂੰ ਕਹਿਣ ਲੱਗੀ ਕਿ ਦਾਦੀ ਜੀ, ਆਹ ਭਗਤ ਸਿੰਘ, ਸੁਖਦੇਵ ਤੇ ਰਾਜ ਸਾਰੇ ਦੇਸ਼ ਭਗਤ ਥੋਡੇ ਘਰੇ ਹੀ ਪੈਦਾ ਹੋਏ ਐ। ਅਸੀਂ ਉਸ ਦੀ ਇਹ ਗੱਲ ਸੁਣ ਕੇ ਕਾਫੀ ਦੇਰ ਹੱਸਦੇ ਰਹੇ।

ਪਿਛਲੇ ਮਹੀਨੇ ਰਾਜ ਦੀ ਬੇਟੀ ਨਵਨੀਤ ਉਰਫ ਨੀਤੂ ਦੀ ਸ਼ਾਦੀ ਸੀ, ਜੋ ਅਮਰੀਕਾ ਤੋਂ ਕੈਨੇਡਾ ਵਿੱਚ ਆਪਣੀ ਉੱਚ ਵਿਦਿਆ ਪ੍ਰਾਪਤ ਕਰ ਕੇ ਹੁਣ ਕੈਨੇਡਾ ਵਿੱਚ ਹੀ ਨੌਕਰੀ ਕਰਦੀ ਹੈ। ਵਿਆਹ ਤੋਂ ਸਿਰਫ ਇੱਕ ਹਫਤਾ ਪਹਿਲਾਂ ਚੰਡੀਗੜ੍ਹ ਪਹੁੰਚੀ। ਜਦੋਂ ਰਾਜ ਤੇ ਉਸ ਦੀ ਪਤਨੀ ਸਾਨੂੰ ਵਿਆਹ ਦਾ ਸੱਦਾ ਪੱਤਰ ਦੇਣ ਬਠਿੰਡੇ ਆਏ ਤਾਂ ਉਨ੍ਹਾਂ ਕਿਹਾ ਕਿ ਵਿਆਹ ਦੀਆਂ ਸਭ ਰਸਮਾਂ ਵਿੱਚ ਸ਼ਾਮਲ ਹੋਣ ਲਈ ਸਾਰੇ ਭੈਣ ਭਰਾ, ਭਰਜਾਈਆਂ ਤੇ ਦੋਵਾਂ ਜੀਜਿਆਂ 'ਤੇ ਡਰੈੱਸ ਕੋਡ ਲਾਗੂ ਕੀਤਾ ਗਿਆ ਹੈ। ਭਾਵ ਇਨ੍ਹਾਂ ਦਿਨਾਂ ਵਿੱਚ ਤੁਹਾਡੀ ਸਾਰਿਆਂ ਦੀ ਡਰੈੱਸ ਇੱਕੋ ਜਿਹੀ ਹੋਣੀ ਚਾਹੀਦੀ ਹੈ ਤੇ ਕੁਝ ਕੁ ਦਾ ਉਹ ਪ੍ਰਬੰਧ ਕਰ ਕੇ ਵੀ ਲਿਆਏ ਹਨ।

ਮੇਰੀ ਪਤਨੀ ਕੁਲਦੀਪ ਆਪਣੇ ਭਰਾ ਰਾਜ ਤੋਂ 15 ਸਾਲ ਵੱਡੀ ਹੈ। ਮੇਰੇ ਪਰਵਾਰ ਵਿੱਚ ਪੰਜਾਬੀ ਦੇ ਮੁਹਾਵਰੇ ਤੇ ਅਖੌਤਾਂ ਦੀ ਬੜੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਉਹ ਕਹਿਣ ਲੱਗੀ ਕਿ ਰਾਜ, ਜਦੋਂ ਮੈਂ ਇਹ ਐਨੇ ਗੂੜ੍ਹੇ ਰੰਗਾਂ ਦੇ ਕੱਪੜੇ ਪਹਿਨਾਂਗੀ ਤਾਂ ਲੋਕ ਕੀ ਕਹਿਣਗੇ? ਇਹੋ ਨਾ ਕਿ 'ਬੁੱਢੀ ਘੋੜੀ ਲਾਲ ਲਗਾਮ'। ਉਹ ਕਹਿਣ ਲੱਗਾ ਕਿ ਕੋਈ ਗੱਲ ਨਹੀਂ, ਲੋਕ ਜੋ ਮਰਜ਼ੀ ਕਹੀ ਜਾਣ। ਦਿੱਤੇ ਪ੍ਰੋਗਰਾਮ ਅਨੁਸਾਰ ਅਸੀਂ ਚੰਡੀਗੜ੍ਹ ਪਹੁੰਚ ਗਏ। ਉਸ ਨੇ ਮਹਿਮਾਨਾਂ ਤੇ ਰਿਸ਼ਤੇਦਾਰਾਂ ਦੇ ਠਹਿਰਨ ਲਈ ਚੰਡੀਗੜ੍ਹ ਦਾ ਪੁਲਸ ਗੈਸਟ ਹਾਊਸ ਸਾਰੇ ਦਾ ਸਾਰਾ ਬੁੱਕ ਕਰਾਇਆ ਹੋਇਆ ਸੀ ਤੇ ਸਾਡੇ ਪਹੁੰਚਣ ਸਾਰ ਹੀ ਸਾਨੂੰ ਕਮਰੇ ਅਲਾਟ ਕਰ ਦਿੱਤੇ ਗਏ।

ਸ਼ਗਨ ਦੀ ਰਸਮ ਵਾਲੇ ਦਿਨ ਜਦੋਂ ਅਸੀਂ ਰਿਜ਼ੋਰਟ ਵੱਲ ਜਾ ਰਹੇ ਸਾਂ, ਮੈਂ ਆਪਣੀ ਪਤਨੀ ਨੂੰ ਕਿਹਾ ਕਿ ਲੱਗਦਾ ਹੈ ਕਿ ਮੈਂ ਆਪਣਾ ਮੋਬਾਈਲ ਕਮਰੇ ਵਿੱਚ ਭੁੱਲ ਆਇਆ ਹਾਂ। ਉਹ ਕਹਿਣ ਲੱਗੀ; ਪਹਿਲਾਂ ਜੇਬਾਂ ਵਗੈਰਾ ਚੰਗੀ ਤਰ੍ਹਾਂ ਵੇਖ ਲਓ। ਮੋਬਾਈਲ ਗੱਡੀ ਦੀ ਸੀਟ ਥੱਲੇ ਡਿੱਗਿਆ ਪਿਆ ਮਿਲ ਗਿਆ। ਇਸ 'ਤੇ ਉਹ ਕਹਿਣ ਲੱਗੀ ਕਿ ਤੁਹਾਡਾ ਤਾਂ ਉਹ ਹਾਲ ਐ ਕਿ 'ਕੁੱਛੜ ਕੁੜੀ ਸ਼ਹਿਰ ਢੰਡੋਰਾ'।



ਅਗਲੇ ਦਿਨ ਬਰਾਤ ਦਾ ਪ੍ਰਬੰਧ ਜ਼ੀਰਕਪੁਰ ਪੰਚਕੂਲਾ ਸੜਕ 'ਤੇ ਰਿਜ਼ੋਰਟ ਵਿੱਚ ਸੀ। ਅਸੀਂ ਉਥੇ ਜਾ ਪਹੁੰਚੇ। ਲਾਵਾਂ ਫੇਰਿਆਂ ਲਈ ਸੜਕ ਕਰਾਸ ਕਰ ਕੇ ਅਗਲੇ ਪਾਸੇ ਗੁਰਦੁਆਰਾ ਸਾਹਿਬ ਜਾਣਾ ਸੀ, ਪਰ ਟਰੈਫਿਕ ਏਨੀ ਸੀ ਕਿ ਸੜਕ ਪਾਰ ਕਰਨੀ ਮੁਸ਼ਕਲ ਹੋਈ ਪਈ ਸੀ। ਮੇਰਾ ਦੋਹਤਾ ਰਹਿਮਤਬੀਰ ਅਜੇ ਮਸਾਂ ਅੱਠ ਸਾਲ ਦਾ ਹੋਏਗਾ ਕਿ ਐਨੀ ਛੋਟੀ ਉਮਰ ਵਿੱਚ ਵੀ ਮੌਕਾ ਮਿਲਣ ਉੱਤੇ ਹਰ ਇੱਕ 'ਤੇ ਵਿਅੰਗ ਕੱਸਦਾ ਰਹਿੰਦਾ ਹੈ। ਪਤਾ ਨਹੀਂ ਕਿਧਰੋਂ ਨਿਕਲ ਕੇ ਆ ਕੇ ਮੈਨੂੰ ਕਹਿਣ ਲੱਗਾ ਕਿ 'ਨਾਨੂੰ ਜੀ, ਜ਼ਰਾ ਜ਼ਰਾ ਬੱਚ ਕੇ ਰੋਡ ਤੋਂ'। ਕੋਲ ਖੜ੍ਹੇ ਸਾਰੇ ਹੱਸ ਪਏ।

ਲਾਵਾਂ ਫੇਰਿਆਂ ਦਾ ਕੰਮ ਨਿਪਟਾ ਕੇ ਅਸੀਂ ਵਾਪਸ ਰਿਜ਼ੋਰਟ ਵਿੱਚ ਆਏ। ਚਾਹ ਪਾਣੀ ਪੀ ਕੇ ਬੈਠ ਗਏ। ਸਾਡਾ ਪਿੰਡੋਂ ਆਇਆ ਇੱਕ ਰਿਸ਼ਤੇਦਾਰ, ਜੋ ਮੇਰੇ ਭਤੀਜਿਆਂ ਦੇ ਥਾਂ ਲੱਗਦਾ ਹੈ, ਉਹ ਵੀ ਸਾਡੇ ਕੋਲ ਆ ਕੇ ਬੈਠ ਗਿਆ। ਉਹ ਪਤਾ ਨਹੀਂ ਆਪਣੀ ਕੋਟ ਦੀ ਜੇਬ ਵਿੱਚ ਕੀ ਪਾਈ ਫਿਰਦਾ ਸੀ ਕਿ ਜੇਬ ਕਾਫੀ ਭਾਰੀ ਲੱਗ ਰਹੀ ਸੀ। ਮੇਰੀ ਬੇਟੀ ਹਰਪ੍ਰੀਤ ਕਹਿਣ ਲੱਗੀ ਕਿ ਡੈਡੀ ਆਹ ਵੇਖੋ 'ਲਾਹੌਰ ਦਾ ਸ਼ੌਕੀਨ ਤੇ ਬੋਝੇ ਵਿੱਚ ਗਾਜਰਾਂ'। ਉਹ ਆਪ ਹੀ ਬੋਲ ਪਿਆ ਕਿ ਨਹੀਂ, ਗਾਜਰਾਂ ਤਾਂ ਨਹੀਂ ਰਿਓੜੀਆਂ ਹਨ। ਉਥੇ ਬੈਠੇ ਸਾਰੇ ਹੱਸ ਪਏ।

ਥੋੜ੍ਹੀ ਦੇਰ ਬਾਅਦ ਮੇਰੀ ਵੱਡੀ ਸਾਲੇਹਾਰ ਮੈਨੂੰ ਕਹਿਣ ਲੱਗੀ ਕਿ ਵੀਰ ਜੀ ਹੁਣ ਆਪਣੀ ਨੂਰਾਂ ਵਾਸਤੇ ਵੀ ਕੋਈ ਘਰ ਵਰ ਲੱਭੋ, ਕਿਉਂਕਿ 'ਚਾਚੇ ਦੀ ਧੀ ਚੱਲੀ ਹੁਣ ਇਹ ਕਿਉਂ ਰਹੇ ਇਕੱਲੀ'। ਮੈਂ ਫੱਟ ਕਹਿ ਦਿੱਤਾ ਕਿ ਹਾਂ ਜੀ ਤੁਸੀਂ ਚੱਲੋ, ਅਸੀਂ ਆਏ। ਵਿਆਹ ਦੇ ਸਾਰੇ ਜਸ਼ਨਾਂ ਵਿੱਚ ਅੰਗਰੇਜ਼ੀ ਤੇ ਪੰਜਾਬੀ ਸਭਿਆਚਾਰ ਦਾ ਪੂਰਾ ਬੋਲ ਬਾਲਾ ਸੀ। ਜੇ ਕਿਸੇ ਸਮੇਂ ਡਿਸਕੋ ਡਾਂਸ ਹੋ ਰਿਹਾ ਸੀ ਤਾਂ ਉਸ ਤੋਂ ਬਾਅਦ ਨਾਲ-ਨਾਲ ਗਿੱਧਾ, ਬੋਲੀਆਂ ਤੇ ਭੰਗੜਾ ਚੱਲ ਰਿਹਾ ਸੀ। ਕੁੜੀਆਂ ਲਈ ਪੰਜਾਬੀ ਸਭਿਆਚਾਰ ਨੂੰ ਦਰਸਾਉਂਦਾ ਵਿਸ਼ੇਸ਼ ਪਹਿਰਾਵਾ ਫੁਲਕਾਰੀ ਤੇ ਟਿੱਕਾ ਵਗੈਰਾ ਪਾ ਕੇ ਆਉਣ ਲਈ ਹਦਾਇਤਾਂ ਕੀਤੀਆਂ ਗਈਆਂ ਸਨ। ਵਿਆਹ ਦਾ ਕੰਮ ਨਿਪਟਾ ਕੇ ਅਸੀਂ ਛੇਵੇਂ ਦਿਨ ਵਾਪਸ ਬਠਿੰਡਾ ਆ ਗਏ।

# ਮਨੁੱਖੀ ਹੋਂਦ ਬਚਾਉਣ ਲਈ ਕੁਦਰਤ ਨਾਲ ਛੇੜਛਾੜ ਦੇ ਰੁਝਾਨ ਨੂੰ ਛੱਡਣਾ ਪਵੇਗਾ



ਜਤਿੰਦਰ ਪੰਨੂ

ਕੋਰੋਨਾ ਦੀ ਜਿਸ ਮਹਾਮਾਰੀ ਦੀ ਲਪੇਟ ਵਿੱਚ ਇਸ ਵਕਤ ਮਨੁੱਖਤਾ ਆਈ ਪਈ ਹੈ, ਉਸ ਦਾ ਪਹਿਲਾਂ ਹੱਲਾ ਚੀਨ ਦੇ ਸਿਰ ਪਿਆ ਸੀ ਤੇ ਓਦੋਂ ਤੱਕ ਦੂਸਰੇ ਦੇਸ਼ਾਂ ਨੂੰ ਇਹ ਬੇਗਾਨੇ ਘਰ ਦੀ ਬਸੰਤਰ ਜਾਪਦੀ ਸੀ। ਜਦੋਂ ਖਤਰਾ ਗੰਭੀਰ ਵੇਖ ਕੇ ਦੁਨੀਆ ਸੋਚਣ ਵੱਲ ਮੁੜੀ, ਓਦੋਂ ਤੱਕ ਫਰਵਰੀ ਦੇ ਤਿੰਨ ਹਫਤੇ ਗੁਜ਼ਰ ਚੁੱਕੇ ਸਨ ਤੇ ਚੀਨ ਵਿੱਚੋਂ ਸਤਾਰਾਂ ਮੌਤਾਂ ਹੋਣ ਦੀ ਖਬਰ ਆ ਚੁੱਕੀ ਸੀ। ਓਦੋਂ ਤੱਕ ਅੱਠ ਮੌਤਾਂ ਹੋਰ ਦੇਸ਼ਾਂ ਵਿੱਚ ਵੀ ਹੋ ਚੁੱਕੀਆਂ ਸਨ। ਇਸ ਤੋਂ ਇੱਕ ਮਹੀਨਾ ਲੰਘਣ ਦੇ ਬਾਅਦ ਜਦੋਂ ਬਾਈ ਮਾਰਚ ਨੂੰ ਭਾਰਤ ਵਿੱਚ ਲਾਕਡਾਊਨ ਦਾ ਐਲਾਨ ਹੋਇਆ, ਓਦੋਂ ਤੱਕ ਸੰਸਾਰ ਵਿੱਚ ਮੌਤਾਂ ਦੀ ਗਿਣਤੀ ਪੌਣੇ ਪੰਦਰਾਂ ਹਜ਼ਾਰ ਤੋਂ ਟੱਪ ਚੁੱਕੀ ਸੀ ਤੇ ਦਸ ਮੌਤਾਂ ਇਸ ਦੇਸ਼ ਵਿੱਚ ਹੋ ਚੁੱਕੀਆਂ ਸਨ। ਸਰਕਾਰ ਨੇ ਯਤਨ ਕੀਤੇ, ਭਾਰਤ ਵਿੱਚ ਬਚਾਅ ਰਿਹਾ, ਪਰ ਬਚਾਅ ਦੀ ਗੱਲ ਜਿੰਨੀ ਪ੍ਰਚਾਰੀ ਜਾਂਦੀ ਹੈ, ਓਨੀ ਵੱਡੀ ਸਫਲਤਾ ਨਹੀਂ ਸੀ। ਬਹੁਤ ਸਾਰੇ ਹੋਰਨਾਂ ਦੇਸ਼ਾਂ ਤੋਂ ਏਥੇ ਕੁਝ ਹਾਲਤ ਕੰਟਰੋਲ ਵਿੱਚ ਜ਼ਰੂਰ ਰਹੀ ਸੀ। ਸੰਸਾਰ ਵਿੱਚ ਉਸ ਤੋਂ ਬਾਅਦ ਕੋਰੋਨਾ ਵਾਇਰਸ ਦੇ ਕੇਸਾਂ ਤੇ ਮੌਤਾਂ ਦੀ ਗਿਣਤੀ ਲਗਾਤਾਰ ਵਧਦੀ ਗਈ। ਅੱਜ ਤੱਕ ਤੀਹ ਲੱਖ ਤੋਂ ਵੱਧ ਕੇਸ ਹੋ ਚੁੱਕੇ ਹਨ ਅਤੇ ਮੌਤਾਂ ਦੀ ਗਿਣਤੀ ਪੌਣੇ ਚਾਰ ਲੱਖ ਨੇੜੇ ਪੁੱਜੀ ਪਈ ਹੈ। ਇਕੱਲੇ ਅਮਰੀਕਾ ਵਿੱਚ ਲੱਖ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ।

ਅਸੀਂ ਇਸ ਔਖੇ ਵੇਲੇ ਬੀਤੇ ਸਾਲਾਂ ਵੱਲ ਜਦੋਂ ਕੁਝ ਝਾਤੀ ਮਾਰੀਏ ਤਾਂ ਜਟਕਾ ਬੋਲੀ ਵਿੱਚ ਆਖਿਆ ਜਾ ਸਕਦਾ ਹੈ ਕਿ ਬੰਦੇ ਨੇ 'ਰੱਬ ਭੁਲਾਇਆ ਪਿਆ ਸੀ।' ਰੱਬ ਸਿਰਫ ਉਹੀ ਨਹੀਂ, ਜਿਹੜਾ ਧਾਰਮਿਕ ਅਸਥਾਨਾਂ ਵਿੱਚ ਪੜ੍ਹਾਇਆ ਅਤੇ ਪ੍ਰਚਾਰਿਆ ਜਾਂਦਾ ਹੈ, ਅਸਲੀ ਰੱਬ ਉਹ ਕੁਦਰਤ ਹੈ, ਜਿਹੜੀ ਸਾਨੂੰ ਹਰ ਇੱਕ ਚੀਜ਼ ਦੇ ਰੂਪ ਵਿੱਚ ਦਿੱਸਦੀ ਹੈ ਤੇ ਆਪਣੇ ਅੰਦਰ ਘਾਹ-ਬੂਟ ਤੇ ਛੋਟੇ-ਮੋਟੇ ਕੀੜਿਆਂ ਤੋਂ ਲੈ ਕੇ ਕਣ-ਕਣ ਦੇ ਅੰਦਰ ਐਟਮੀ ਸ਼ਕਤੀ ਲੁਕਾਈ ਬੈਠੀ ਹੈ, ਜਿਸ ਨਾਲ ਬਿਜਲੀ ਵਾਲੇ ਪਲਾਂਟ ਵੀ ਚਲਾਏ ਜਾ ਸਕਦੇ ਹਨ ਤੇ ਸਭ ਕੁਝ ਤਬਾਹ ਵੀ ਕੀਤਾ ਜਾ ਸਕਦਾ ਹੈ। ਜੀਵ-ਜੰਤੂਆਂ ਤੇ ਮਨੁੱਖਾਂ ਤੋਂ ਲੈ ਕੇ ਜ਼ਮੀਨ ਦੇ ਉੱਤੇ-ਥੱਲੇ ਅਤੇ ਪਾਣੀ ਹੇਠਾਂ ਪੈਦਾ ਹੋਣ ਵਾਲੀ ਬਨਾਸਪਤੀ ਤੱਕ ਦਾ ਸਾਰਾ ਪਸਾਰਾ ਕੁਦਰਤ ਦਾ ਹੋਣ ਕਾਰਨ ਸਾਡੀ ਸਾਰਿਆਂ ਦੀ ਅਸਲੀ ਮਾਂ ਕੁਦਰਤ ਸੀ, ਪਰ ਬੰਦੇ ਨੇ ਇਸ ਨੂੰ ਰੋਲਣ ਦੀ ਕਸਰ ਨਹੀਂ ਛੱਡੀ। ਪੁਰਾਤਨ ਸਮੇਂ ਤੋਂ ਇਹ ਗੱਲ ਕਹੀ ਜਾਂਦੀ ਰਹੀ ਹੈ ਕਿ 'ਅੱਤ-ਤੱਤ ਦਾ ਵੈਰ ਹੁੰਦਾ ਹੈ'। ਜਿਸ ਢੰਗ ਨਾਲ ਬੰਦਾ ਚੱਲ ਪਿਆ ਸੀ ਤੇ ਉਸ ਨੇ ਸਮੁੰਦਰਾਂ ਨੂੰ ਫੋਲਣ ਅਤੇ ਅਸਮਾਨਾਂ ਨੂੰ ਗਾਹੁਣ ਤੋਂ ਬਾਅਦ ਧਰਤੀ ਦੀ ਹਿੱਕ ਵਿੱਚ ਸੁਰਾਖ ਕਰ ਕੇ ਇਹ ਲੱਭਣ ਦਾ ਮੋਰਚਾ ਲਾ ਲਿਆ ਸੀ ਕਿ ਉਹ ਥਾਂ ਵੇਖਣੀ ਹੈ, ਜਿਹੜੀ ਸਭ ਚੀਜ਼ਾਂ ਨੂੰ ਆਪਣੇ ਵੱਲ ਖਿੱਚਦੀ ਹੈ ਤਾਂ ਬਹੁਤ ਸਾਰੇ ਲੋਕਾਂ ਨੂੰ ਕਹਿੰਦੇ ਸੁਣਿਆ ਸੀ ਕਿ ਕੁਦਰਤ ਨਾਲ ਜ਼ਿਆਦਤੀ ਦੀ ਇਹ ਅੱਤ ਕਿਧਰੇ ਮਹਿੰਗੀ ਨਾ ਪੈ ਜਾਵੇ। ਕੁਦਰਤ ਨੇ ਕੋਈ ਝਲਕ ਨਹੀਂ ਦਿੱਤੀ, ਆਪਣੇ ਵਰਤਾਰੇ ਮੁਤਾਬਕ ਚੱਲਦੀ ਰਹੀ ਅਤੇ ਆਖਰ ਨੂੰ ਜਿਹੜਾ ਮਨੁੱਖ ਕਦੀ ਐਟਮ ਬੰਬਾਂ ਦੇ ਧਮਾਕੇ ਕਰਨ ਤੋਂ ਤੁਰਿਆ ਸੀ, ਪੁਲਾੜ ਵਿੱਚ ਸਟਾਰ-ਵਾਰ ਦੀਆਂ ਘਾੜਤਾਂ ਘੜਨ ਲੱਗ ਪਿਆ ਸੀ ਅਤੇ ਫਿਰ ਆਪਣੇ ਮਨੁੱਖੀ ਭਾਈਚਾਰੇ ਦੇ ਖਿਲਾਫ ਵਰਤਣ ਲਈ ਜੈਵਿਕ ਬੰਬ ਵੀ ਬਣਾਉਣ ਦੀ ਸੋਚ ਰਿਹਾ ਸੀ, ਉਹ ਕਸੂਤਾ ਫਸ ਗਿਆ ਹੈ।

ਭਲਾ ਕਿਸੇ ਨੇ ਪਿਛਲੇ ਸਾਲ ਤੱਕ ਇਹ ਗੱਲ ਸੋਚੀ ਸੀ ਕਿ ਜਿਹੜੇ ਆਕਾਸ਼ ਵਿੱਚ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਜਹਾਜ਼ ਇੱਕੋ ਵੇਲੇ ਉੱਡੀ ਜਾਂਦੇ ਹਨ, ਉਹ ਆਕਾਸ਼ ਇੱਕ ਦਮ ਵਿਹਲਾ ਕਰਨਾ ਪੈ ਜਾਵੇਗਾ? ਅਸੀਂ ਸੰਸਾਰ ਦੇ ਕਈ ਦੇਸ਼ਾਂ ਵਿੱਚ ਵੱਡੇ ਏਅਰਪੋਰਟਾਂ ਉੱਤੇ ਜਹਾਜ਼ਾਂ ਨੂੰ ਕਿੰਨੀ-ਕਿੰਨੀ ਦੇਰ ਹਵਾ ਵਿੱਚ ਐਵੇਂ ਉਡਾਰੀਆਂ ਲਾਉਂਦੇ ਵੇਖਿਆ ਸੀ, ਜਿਨ੍ਹਾਂ ਨੂੰ ਹੇਠਾਂ ਕੋਈ ਰੰਨਵੇਅ ਵਿਹਲਾ ਨਹੀਂ ਸੀ ਮਿਲਦਾ। ਅੱਜ ਕੱਲ੍ਹ ਓਥੇ ਸਾਰੇ ਰੰਨਵੇਅ ਖਾਲੀ ਹੋਣਗੇ। ਰੇਲਵੇ ਮੁਸਾਫਰ ਇਹ ਕਹਿੰਦੇ ਹੁੰਦੇ ਸਨ ਕਿ ਲਾਈਨਾਂ ਖਾਲੀ ਨਹੀਂ ਸਨ ਤੇ ਗੱਡੀ ਐਨੇ ਘੰਟੇ ਲੇਟ ਹੋ ਗਈ, ਸਾਨੂੰ ਖਿਝ ਚੜ੍ਹੀ ਪਈ ਸੀ। ਪਿਛਲੇ ਦੋ ਮਹੀਨੇ ਰੇਲ ਗੱਡੀਆਂ ਚੱਲੀਆਂ ਨਹੀਂ ਤੇ ਉਹੀ ਲੋਕ ਘਰਾਂ ਵਿੱਚ ਤੜੇ ਰਹੇ, ਜਿਹੜੇ ਕਹਿੰਦੇ ਸਨ ਕਿ ਅਸੀਂ ਇੱਕ ਦਿਨ ਕੋਈ ਕੰਮ ਲੇਟ ਨਹੀਂ ਕਰ ਸਕਦੇ। ਦੋ ਕੁ ਦਿਨ ਖਿਝਣ ਪਿੱਛੋਂ ਉਹ ਭਾਣਾ ਮੰਨਣ ਲੱਗ ਪਏ। ਕਾਰੋਬਾਰ ਦੇ ਕਿਸੇ ਵੀ ਖੇਤਰ ਵਿੱਚ ਹਰਕਤ ਨਹੀਂ ਸੀ ਜਾਪਦੀ ਤੇ ਇਸ ਤਰ੍ਹਾਂ ਜਾਪਣ ਲੱਗ ਪਿਆ ਸੀ, ਜਿਵੇਂ ਇਨਸਾਨ ਦੇ ਅੱਗੇ ਸਪੀਡ ਬਰੇਕਰ ਲਾ ਕੇ ਕੁਦਰਤ ਉਸ ਨੂੰ ਠਰ੍ਹੰਮੇ ਦਾ ਵੱਲ ਸਿਖਾਉਣ ਲੱਗੀ ਹੋਵੇ। ਧਾਰਮਿਕ ਅਸਥਾਨ ਵੀ ਬੰਦ ਕਰਨੇ ਪੈ ਗਏ ਸਨ। ਸੰਸਾਰ ਖੜੋਤ ਦਾ ਸ਼ਿਕਾਰ ਹੋ ਗਿਆ ਜਾਪਦਾ ਸੀ ਤੇ ਕੋਈ ਇਹ ਦੱਸਣ ਵਾਲਾ ਨਹੀਂ ਸੀ ਕਿ ਖੜੋਤ ਐਨੇ ਕੁ ਦਿਨ ਰਹੇਗੀ।



ਕੁਦਰਤ ਦਾ ਸਪੀਡ ਬਰੇਕਰ ਸਿਰਫ ਅਜੋਕੇ ਦੌਰ ਤੱਕ ਹੀ ਸੀਮਤ ਨਹੀਂ, ਇਹਦੀ ਮਾਰ ਅਗਲੇ ਕਈ ਸਾਲਾਂ ਤੱਕ ਪੈਂਦੀ ਰਹਿਣੀ ਹੈ ਤੇ ਜਿੰਨੀ ਪੈ ਚੁੱਕੀ ਹੈ, ਉਹ ਇਸ ਦੇ ਲੰਮੇਰੇ ਅਸਰ ਦੀ ਝਲਕ ਦੇ ਰਹੀ ਹੈ। ਸਾਡੇ ਸਾਹਮਣੇ ਪਏ ਅੰਕੜੇ ਦੱਸਦੇ ਹਨ ਕਿ ਸੰਸਾਰ ਵਿੱਚ ਹਵਾਈ ਆਵਾਜਾਈ ਇਸ ਸਾਲ ਦੀ ਪਹਿਲੀ ਤਿਮਾਹੀ ਵਿੱਚ ਬਾਈ ਫੀਸਦੀ ਡਿੱਗ ਪਈ ਸੀ, ਅਤੇ ਇਹ ਇਸ ਕਰ ਕੇ ਹੋਇਆ ਕਿ ਮਾਰਚ ਦੇ ਅੰਤਲੇ ਬਾਰਾਂ ਦਿਨ ਜਹਾਜ਼ ਨਹੀਂ ਸੀ ਉੱਡ ਸਕੇ। ਸਿਰਫ ਬਾਰਾਂ ਦਿਨਾਂ ਦਾ ਏਨਾ ਅਸਰ ਸੀ ਤੇ ਅਗਲੇ ਦੋ ਮਹੀਨੇ ਲੰਘਾਉਣ ਦੇ ਬਾਅਦ ਕਿਹਾ ਜਾ ਰਿਹਾ ਹੈ ਕਿ ਹਾਲੇ ਛੇ ਮਹੀਨੇ ਇਸ ਆਵਾਜਾਈ ਨੂੰ ਰਵਾਨਗੀ ਫੜਦਿਆਂ ਲੱਗ ਜਾਣਗੇ ਤੇ ਓਦੋਂ ਪਿੱਛੋਂ ਵੀ ਜੇ ਕੋਰੋਨਾ ਦੇ ਸਹਿਮ ਕਾਰਨ ਇੱਕ-ਇੱਕ ਸੀਟ ਛੱਡ ਕੇ ਬਿਠਾਉਣ ਦੀ ਮਜਬੂਰੀ ਬਣੀ ਰਹੀ ਤਾਂ ਇਸ ਕਾਰੋਬਾਰ ਦੇ ਵੱਡੇ ਅਦਾਰੇ ਨੰਗ ਹੋ ਜਾਣਗੇ। ਹਵਾਈ ਮੁਸਾਫਰਾਂ ਦੀ ਗਿਣਤੀ ਫਰਵਰੀ ਵਿੱਚ ਸਿਰਫ ਚੀਨ ਦੇ ਕਾਰਨ ਤੇਰਾਂ ਫੀਸਦੀ ਡਿੱਗੀ ਸੀ, ਮਾਰਚ ਦੇ ਅੰਤਲੇ ਦਸਾਂ ਦਿਨਾਂ ਕਾਰਨ 49 ਫੀਸਦੀ ਘਟ ਗਈ ਤੇ ਅਪਰੈਲ ਵਿੱਚ ਇਕਾਨਵੇਂ ਫੀਸਦੀ ਡਿੱਗ ਕੇ ਮਸਾਂ ਨੌਂ ਫੀਸਦੀ ਮਜਬੂਰੀ ਦੀਆਂ ਉਡਾਣਾਂ ਉੱਡ ਸਕੀਆਂ। ਜਹਾਜ਼ ਬਣਾਉਣ ਵਾਲੀ ਕੰਪਨੀ ਬੋਇੰਗ ਨੇ ਆਪਣੇ ਬਾਰਾਂ ਹਜ਼ਾਰ ਕਾਰਿੰਦੇ ਇਸ ਲਈ ਕੱਢਣ ਦਾ ਫੈਸਲਾ ਕਰ ਲਿਆ ਹੈ ਕਿ ਜਦੋਂ ਜਹਾਜ਼ ਨਹੀਂ ਉੱਡਣੇ ਤੇ ਜਿੰਨੇ ਜਹਾਜ਼ ਵਿਹਲੇ ਪਏ ਹਨ, ਉਨ੍ਹਾਂ ਲਈ ਵਾਰੀ ਨਹੀਂ ਆਉਣੀ ਤਾਂ ਕਿਸੇ ਕੰਪਨੀ ਨੇ ਹੋਰ ਜਹਾਜ਼ ਵੀ ਨਹੀਂ ਖਰੀਦਣੇ ਤੇ ਜਦੋਂ ਕਿਸੇ ਨੇ ਖਰੀਦਣੇ ਨਹੀਂ ਤਾਂ ਬਣਾਉਣ ਦੀ ਵੀ ਲੋੜ ਨਹੀਂ ਰਹਿਣੀ। ਭਾਰਤ ਵਿੱਚ ਕਾਰਾਂ-ਮੋਟਰਾਂ ਦੀ ਵਿਕਰੀ ਮਾਰਚ ਦੇ ਅਖੀਰਲੇ ਦਸਾਂ ਦਿਨਾਂ ਵਿੱਚ ਵੀਹ ਫੀਸਦੀ ਡਿੱਗੀ ਸੀ, ਜਦੋਂ ਲੋਕਾਂ ਕੋਲ ਕੰਮ ਪਹਿਲਾਂ ਵਾਂਗ ਨਹੀਂ ਰਹਿਣਾ ਤਾਂ ਕਾਰਾਂ ਦੀ ਵਿਕਰੀ ਵੀ ਹੋਰ ਡਿੱਗਣ ਲੱਗੇਗੀ। ਅਪਰੈਲ ਤੇ ਮਈ ਵਿੱਚ ਦੇਸ਼ ਵਿਚ ਟਰੱਕਾਂ ਦੀ ਆਵਾਜਾਈ ਨੱਬੇ ਫੀਸਦੀ ਘਟ ਗਈ ਦੱਸੀ ਜਾਂਦੀ ਹੈ। ਇਸ ਸਾਰੇ ਕੁਝ ਨਾਲ ਲੋਕਾਂ ਦੇ ਰੁਜ਼ਗਾਰ ਦੇ ਪੱਖੋਂ ਵੀ ਵੱਡਾ ਅਸਰ ਪੈਣ ਵਾਲਾ ਹੈ ਤੇ ਸੰਸਾਰ ਪੱਧਰ ਦੀਆਂ ਏਜੰਸੀਆਂ ਜਿੰਨੀ ਵੱਡੀ ਗਿਣਤੀ ਵਿੱਚ ਲੋਕਾਂ ਦੀ ਬੇਰੁਜ਼ਗਾਰੀ ਦੇ ਅੰਦਾਜ਼ੇ ਪੇਸ਼ ਕਰਦੀਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਸੋਚਣ ਵਾਲੇ ਬੰਦੇ ਦਾ ਤ੍ਰਾਹ ਨਿਕਲ ਜਾਂਦਾ ਹੈ। ਇਹ ਕਿਸੇ ਇੱਕਾ-ਦੁੱਕਾ ਦੇਸ਼ ਨੂੰ ਪੈਣ ਵਾਲੀ ਸੱਟ ਨਹੀਂ, ਸਾਰੇ ਸੰਸਾਰ ਦੇ ਲੋਕਾਂ ਲਈ ਮੁਸੀਬਤਾਂ ਦਾ ਪਹਾੜ ਲਈ ਆਉਂਦੀ ਜਾਪਦੀ ਹੈ, ਜਿਸ ਦੀ ਚਿੰਤਾ ਕਰਨੀ ਪੈਣੀ ਹੈ।

ਸਥਿਤੀ ਸਚਮੁੱਚ ਬਹੁਤ ਮਾੜੀ ਹੈ ਤੇ ਹੋਰ ਮਾੜੀ ਹੋਣ ਵਾਲੀ ਜਾਪਦੀ ਹੈ, ਪਰ ਸਾਡਾ ਵਿਸ਼ਵਾਸ ਅਜੇ ਕਾਇਮ ਹੈ ਕਿ ਮਨੁੱਖਤਾ ਇਸ ਮਾਰ ਦੇ ਅੱਗੇ ਮੂਧੇ ਮੂੰਹ ਨਹੀਂ ਡਿੱਗੇਗੀ, ਫਿਰ ਉੱਠੇਗੀ, ਪਰ ਉੱਠਣ ਲਈ ਉਸ ਨੂੰ ਕੁਝ ਸਬਕ ਸਿੱਖ ਕੇ ਚੱਲਣਾ ਪਵੇਗਾ। ਇਨਸਾਨ ਜਦੋਂ ਮੁਸ਼ਕਲ ਵਿੱਚ ਪੈਂਦਾ ਹੈ, ਓਦੋਂ ਆਪਣੀ ਹੋਂਦ ਬਚਾਉਣ ਵਾਲੀ ਲੜਾਈ ਉਸ ਨੂੰ ਕੁਝ ਰਾਹ ਵੀ ਦੇਂਦੀ ਹੈ, ਪਰ ਇਸ ਦੇ ਲਈ ਬੰਦੇ ਨੂੰ ਮਾਨਸਿਕ ਤੌਰ ਉੱਤੇ ਤਿਆਰ ਖੁਦ ਹੋਣਾ ਪੈਂਦਾ ਹੈ। ਬਹੁਤ ਸਾਲ ਪਹਿਲਾਂ ਗੁਜਰਾਤ ਦੇ ਕੱਛ ਇਲਾਕੇ ਵਿੱਚ ਭਾਰਤੀ ਹਵਾਈ ਫੌਜ ਦਾ ਇੱਕ ਹੈਲੀਕਾਪਟਰ ਡਿੱਗਾ ਸੀ। ਬਾਰਡਰ ਸਕਿਓਰਟੀ ਫੋਰਸ ਤੇ ਹਵਾਈ ਫੌਜ ਦੇ ਕੁੱਲ ਮਿਲਾ ਕੇ ਬਾਰਾਂ ਅਧਿਕਾਰੀ ਇਸ ਵਿੱਚ ਸਵਾਰ ਸਨ, ਜਿਨ੍ਹਾਂ ਵਿੱਚੋਂ ਤਿੰਨ ਜਣੇ ਤਾਂ ਮੌਕੇ ਉੱਤੇ ਹੀ ਮਾਰੇ ਗਏ। ਬਾਕੀ ਬਚੇ ਨੌਂ ਜਣਿਆਂ ਵਿੱਚੋਂ ਮਦਦ ਪਹੁੰਚਣ ਤੱਕ ਦੇ ਪੰਝੀ ਘੰਟਿਆਂ ਵਿੱਚ ਚਾਰ ਹੋਰ ਮਰ ਗਏ। ਸਮੁੰਦਰ ਦੇ ਖਾਰੇ ਪਾਣੀ ਅਤੇ ਗਾੜ੍ਹੇ ਚਿੱਕੜ ਵਰਗੀ ਦਲਦਲ ਵਿੱਚ ਉਲਝੇ ਬਾਕੀ ਲੋਕਾਂ ਨੂੰ ਪਿਆਸ ਏਨੀ ਜ਼ਿਆਦਾ ਤੰਗ ਕਰਨ ਲੱਗ ਪਈ ਕਿ ਉਨ੍ਹਾਂ ਨੂੰ ਇਸ ਦੀ ਮਾਰ ਤੋਂ ਬਚਣ ਲਈ ਇੱਕ ਦੂਸਰੇ ਦਾ ਪੇਸ਼ਾਬ ਵੀ ਪੀਣਾ ਪਿਆ ਸੀ, ਪਰ ਜਿੰਦਾ ਰਹਿਣ ਦੀ ਜੰਗ ਉਨ੍ਹਾਂ ਨੇ ਆਖਰ ਨੂੰ ਜਿੱਤ ਲਈ ਸੀ। ਏਦਾਂ ਦੀਆਂ ਕਈ ਮਿਸਾਲਾਂ ਦੁਨੀਆ ਵਿੱਚ ਮਿਲ ਜਾਂਦੀਆਂ ਹਨ।

ਅਜੇ ਕੋਰੋਨਾ ਵਾਇਰਸ ਦਾ ਪਹਿਲਾ ਹਮਲਾ ਸਾਡੀ ਦੁਨੀਆ ਨੇ ਵੇਖਿਆ ਹੈ। ਬਹੁਤ ਸਾਰੇ ਮਾਹਰ ਸਾਫ ਕਹਿੰਦੇ ਹਨ ਕਿ ਅਜੇ ਅਗਲਾ ਹਮਲਾ ਹੋਣ ਵਾਲਾ ਹੈ। ਉਸ ਦੂਸਰੇ ਹਮਲੇ ਤੱਕ ਗੱਲ ਰੁਕੇਗੀ ਜਾਂ ਕੋਈ ਤੀਸਰਾ ਜਾਂ ਚੌਥਾ ਹੱਲਾ ਵੀ ਇਸ ਬਿਮਾਰੀ ਦਾ ਹੋ ਸਕਦਾ ਹੈ, ਇਸ ਬਾਰੇ ਕੋਈ ਨਹੀਂ ਜਾਣਦਾ। ਕਿਸੇ ਵੀ ਤਰ੍ਹਾਂ ਦਾ ਬੈਕਟੀਰੀਆ ਜਾਂ ਵਾਇਰਸ ਜਦੋਂ ਅਗਲੇ ਪੜਾਅ ਵੱਲ ਵਧਦਾ ਹੈ ਤਾਂ ਜਿੰਨੇ ਵੀ ਮਨੁੱਖੀ ਸਰੀਰਾਂ ਵਿੱਚੋਂ ਲੰਘਦਾ ਹੈ, ਹਰ ਥਾਂ ਦੇ ਪ੍ਰਤੀਕਰਮ ਨਾਲ ਉਸ ਦੀ ਮਾਰਨ ਦੀ ਤਾਕਤ ਪਹਿਲਾਂ ਤੋਂ ਵਧੀ ਜਾਂਦੀ ਹੈ। ਕੋਰੋਨਾ ਦੀ ਤਾਕਤ ਵੀ ਆਏ ਦਿਨ ਵਧੀ ਜਾਂਦੀ ਸੁਣੀਂਦੀ ਹੈ। ਇਸ ਦੇ ਮੁਕਾਬਲੇ ਲਈ ਲੋਕਾਂ ਨੂੰ ਆਪਣੀ ਜੀਵਨ ਜਾਚ ਬਦਲਣੀ ਪਵੇਗੀ, ਹਰ ਵਕਤ ਦੀ ਭਾਜੜ ਦਾ ਰੁਝਾਨ ਤਿਆਗਣਾ ਪਵੇਗਾ ਤੇ ਇਸ ਤੋਂ ਵੀ ਵੱਡੀ ਗੱਲ ਕਿ ਕੁਦਰਤ ਦੀਆਂ ਸ਼ਕਤੀਆਂ ਨਾਲ ਖਿਲਵਾੜ ਕਰਨਾ ਛੱਡਣ ਦੀ ਲੋੜ ਪਵੇਗੀ। ਸਾਡਾ ਵਿਸ਼ਵਾਸ ਕਿ ਮਨੁੱਖਤਾ ਖਤਮ ਨਹੀਂ ਹੋਵੇਗੀ, ਪਰ ਇਸ ਦੀ ਹੋਂਦ ਕਾਇਮ ਰੱਖਣ ਲਈ ਯਤਨ ਵੀ ਤਾਂ ਏਸੇ ਨੂੰ ਕਰਨੇ ਪੈਣੇ ਹਨ।

# ਲਾਕਡਾਊਨ ਦੇ ਨਾਲ ਪਰਮਿਟ ਰਾਜ ਦੀ ਅਰਾਜਕਤਾ ਵੀ ਖਤਮ ਹੋਵੇ ਤਾਂ ਚੰਗੈ

-ਵਿਰਾਗ ਗੁਪਤਾ

ਭਾਰਤ ਦੇ ਸਭ ਤੋਂ ਵੱਡੇ ਹਸਪਤਾਲ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਸ) ਦੇ ਡਾ. ਗੁਲੇਰੀਆ ਨੇ ਕਿਹਾ ਹੈ ਕਿ ਸਰਕਾਰਾਂ ਤੋਂ ਬਾਅਦ ਸਮਾਜ ਨੂੰ ਕੋਰੋਨਾ ਨਾਲ ਲੜਨਾ ਹੋਵੇਗਾ। ਦੋ ਮਹੀਨਿਆਂ ਦੀ ਚੁੱਪ ਤੋਂ ਬਾਅਦ ਸੁਪਰੀਮ ਕੋਰਟ ਤੇ ਕਈ ਹਾਈ ਕੋਰਟਾਂ ਨੇ ਪ੍ਰਵਾਸੀ ਮਜ਼ਦੂਰਾਂ ਅਤੇ ਟੈਸਟਿੰਗ ਵਰਗੇ ਕੇਸਾਂ 'ਚ ਸਰਕਾਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਕੇਂਦਰ ਸਰਕਾਰ ਨੇ ਲਾਕਡਾਊਨ ਸ਼ੁਰੂ ਕੀਤੀ ਸੀ, ਪਰ ਸਥਿਤੀ ਕੰਟਰੋਲ ਤੋਂ ਬਾਹਰ ਹੋ ਜਾਣ 'ਤੇ ਰਾਜਾਂ ਉਤੇ ਤੋਹਮਤ ਮੜ੍ਹੀ ਜਾ ਰਹੀ ਹੈ। ਘਰੇਲੂ ਹਵਾਈ ਉਡਾਣਾਂ ਸ਼ੁਰੂ ਕਰਨ ਦਾ ਫੈਸਲਾ ਕੇਂਦਰ ਸਰਕਾਰ ਨੇ ਲਿਆ, ਪਰ ਰਾਜ ਸਰਕਾਰਾਂ ਦੇ ਬਣਾਏ ਮਨਮਰਜ਼ੀ ਦੇ ਨਿਯਮਾਂ ਨਾਲ ਪਹਿਲੇ ਦਿਨ ਅੱਧੀਆਂ ਤੋਂ ਵੱਧ ਉਡਾਣਾਂ ਰੱਦ ਕਰਨੀਆਂ ਪਈਆਂ। ਟ੍ਰੇਨਾਂ ਦੀ ਆਵਾਜਾਈ 'ਚ ਵੀ ਦੇਰੀ ਹੋਣ ਨਾਲ ਲੱਖਾਂ ਮਜ਼ਦੂਰ ਕਹਿਰ ਦੀ ਗਰਮੀ ਤੋਂ ਪ੍ਰੇਸ਼ਾਨ ਹੋ ਰਹੇ ਹਨ। ਸੰਵਿਧਾਨਕ ਵਿਵਸਥਾ ਦੇ ਤਹਿਤ ਹਵਾਈ ਸਫਰ ਅਤੇ ਟ੍ਰੇਨਾਂ ਬਾਰੇ ਕੇਂਦਰ ਸਰਕਾਰ ਨੂੰ ਨਿਯਮ ਬਣਾਉਣ ਦੇ ਸਾਰੇ ਅਧਿਕਾਰ ਹਨ।

ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਇਹ ਹੋ ਰਿਹਾ ਹੈ ਕਿ ਟ੍ਰੇਨਾਂ ਅਤੇ ਹਵਾਈ ਜਹਾਜ਼ਾਂ ਦੀਆਂ ਉਡਾਣਾਂ ਵਿੱਚ ਰਾਜਾਂ ਵੱਲੋਂ ਮਨਮਰਜ਼ੀ ਦੇ ਢੰਗਾਂ ਨਾਲ ਪਾਬੰਦੀਆਂ ਲਾਈਆਂ ਗਈਆਂ ਹਨ। ਹਜ਼ਾਰਾਂ ਨਿਯਮਾਂ ਦੇ ਜੰਜਾਲ ਅਤੇ ਇੰਸਪੈਕਟਰ ਰਾਜ ਦੀ ਮਨਮਰਜ਼ੀ ਨਾਲ ਪੂਰੇ ਸਿਸਟਮ 'ਚ ਕੋਰੋਨਾ ਤੋਂ ਵੱਧ ਖਤਰਨਾਕ ਵਾਇਰਸ ਫੈਲ ਗਿਆ ਹੈ, ਜਿਸ ਨਾਲ ਲਾਕਡਾਊਨ ਦਾ ਸੰਕਟ ਖਤਮ ਨਹੀਂ ਹੋ ਰਿਹਾ। ਇਸ 'ਤੇ ਸੋਸ਼ਲ ਮੀਡੀਆ 'ਚ ਇੱਕ ਮੈਸੇਜ ਵਾਇਰਲ ਹੈ, ਜਿਸ ਅਨੁਸਾਰ ਲਾਕਡਾਊਨ 1.0 ਵਿੱਚ ਜਨਤਾ ਕੁਝ ਨਹੀਂ ਕਰ ਸਕਦੀ ਸੀ। ਲਾਕਡਾਊਨ 2.0 'ਚ ਲੋਕ ਇਹ ਕਰ ਸਕਦੇ ਸਨ, ਪਰ ਉਹ ਨਹੀਂ ਕਰ ਸਕਦੇ ਸਨ। ਲਾਕਡਾਊਨ 3.0 'ਚੋ ਲੋਕ ਉਹ ਕਰ ਸਕਦੇ ਹਨ ਪਰ ਇਹ ਨਹੀਂ ਕਰ ਸਕਦੇ ਸਨ। ਲਾਕਡਾਊਨ 4.0 ਵਿੱਚ




ਲੋਕ ਇਹ-ਉਹ ਕਰ ਸਕਦੇ ਹਨ ਪਰ ਉਹ-ਇਹ ਨਹੀਂ ਕਰ ਸਕਦੇ ਅਤੇ ਲਾਕਡਾਊਨ 5.0 ਵਿੱਚ ਸਰਕਾਰ ਹੱਥ ਖੜ੍ਹੇ ਕਰ ਕੇ ਕਹਿ ਦੇਵੇਗੀ ਕਿ ਪਬਲਿਕ ਨੇ ਜੋ ਕਰਨਾ ਹੈ, ਕਰਦੀ ਰਹੇ, ਅਸੀਂ ਕੁਝ ਨਹੀਂ ਕਰ ਸਕਦੇ।

ਇਸ ਵਾਇਰਸ ਤੋਂ ਛੁਟਕਾਰਾ ਪਾਉਣ ਲਈ ਤੱਥਾਂ ਨੂੰ ਸਹੀ ਤਰ੍ਹਾਂ ਸਮਝਣਾ ਜ਼ਰੂਰੀ ਹੈ। 130 ਕਰੋੜ ਦੀ ਆਬਾਦੀ ਵਾਲੇ ਦੇਸ਼ 'ਚ ਕਰੀਬ 1.5 ਲੱਖ ਲੋਕ ਹੀ ਕੋਰੋਨਾ ਤੋਂ ਇਨਫੈਕਟਿਡ ਹਨ। ਪਿਛਲੇ ਤਿੰਨ ਮਹੀਨਿਆਂ 'ਚ ਭਾਰਤ 'ਚ ਕੋਰੋਨਾ ਨਾਲ 43000 ਲੋਕਾਂ ਦੀਆਂ ਮੌਤਾਂ ਹੋਈਆਂ ਹਨ। ਨੋਬਲ ਇਨਾਮ ਜੇਤੂ ਵਿਗਿਆਨਿਕ ਤੇ ਸਟੈਨਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਮਾਈਕਲ ਲੇਵਿਟ ਨੇ ਕਿਹਾ ਹੈ ਕਿ ਲਾਕਡਾਊਨ 'ਚ ਲੋਕਾਂ ਨੂੰ ਘਰਾਂ 'ਚ ਬੰਦ ਕਰਨ ਦਾ ਫੈਸਲਾ ਵਿਗਿਆਨ ਦੀ ਬਜਾਏ ਪੈਨਿਕ ਦੇ ਕਾਰਨ ਲਿਆ ਗਿਆ ਹੈ। ਉਨ੍ਹਾ ਅਨੁਸਾਰ ਸੜਕ ਹਾਦਸਿਆਂ 'ਚ ਮਰਨ ਵਾਲਿਆਂ ਦੀ ਗਿਣਤੀ 'ਚ ਭਾਵੇਂ ਕਮੀ ਦਿੱਸ ਰਹੀ ਹੋਵੇ, ਪਰ ਲਾਕਡਾਊਨ ਨਾਲ ਵੱਧ ਲੋਕਾਂ ਦੀਆਂ ਮੌਤਾਂ ਹੋਣਗੀਆਂ। ਇਸ ਤੋਂ ਬਿਨਾ ਘਰੇਲੂ ਹਿੰਸਾ, ਤਲਾਕ, ਨਸ਼ੇ ਦੀ ਆਦਤ ਅਤੇ ਰੋਜ਼ੀ-ਰੋਟੀ ਦੇ ਸਾਧਨ ਤਬਾਹ ਹੋਣ ਨਾਲ ਸਮਾਜ 'ਚ ਹਿੰਸਾ ਅਤੇ ਅਰਾਜਕਤਾ ਵਧਣਾ ਪੂਰੀ ਦੁਨੀਆ ਲਈ ਖ਼ਤਰਨਾਕ ਹੋ ਸਕਦਾ ਹੈ।

ਅਰਥ ਵਿਵਸਥਾ ਨੂੰ ਉਭਾਰਨ ਲਈ ਕੇਂਦਰ ਸਰਕਾਰ ਨੇ 20 ਲੱਖ ਕਰੋੜ ਦਾ ਆਰਥਿਕ ਪੈਕੇਜ ਦਿੱਤਾ ਹੈ, ਪਰ ਕੋਰੋਨਾ ਨਾਲ ਲੜਨ ਲਈ ਸਰਕਾਰਾਂ ਦੇ ਕੋਲ ਵਿਗਿਆਨਿਕ ਰੋਡਮੈਨ ਨਹੀਂ ਹੈ। ਦਿੱਲੀ ਅਤੇ ਮੁੰਬਈ ਵਰਗੇ ਸ਼ਹਿਰਾਂ 'ਚ ਸਰਕਾਰੀ ਹਸਪਤਾਲ ਪੂਰੀ ਤਰ੍ਹਾਂ ਭਰੇ ਹੋਏ ਹਨ ਅਤੇ ਨਿੱਜੀ ਹਸਪਤਾਲਾਂ 'ਚ ਲੁੱਟ ਦਾ ਮਾਹੌਲ ਹੈ। ਤੇਜ਼ ਬੁਖਾਰ ਤੋਂ ਪੀੜਤ ਦਿੱਲੀ ਪੁਲਸ ਦੇ ਇੱਕ ਐਸ ਐਚ ਓ ਨੂੰ ਕਈ ਹਸਪਤਾਲਾਂ 'ਚ ਭਟਕਣਾ ਪਿਆ ਅਤੇ ਫਿਰ ਪੁਲਸ ਕਮਿਸ਼ਨਰ ਦੇ ਦਖਲ ਤੋਂ ਬਾਅਦ ਉਨ੍ਹਾਂ ਨੂੰ ਇਲਾਜ ਦੀ ਸਹੂਲਤ ਮਿਲੀ। ਕੋਰੋਨਾ ਅਤੇ ਹੋਰ ਰੋਗਾਂ ਨਾਲ ਲੜਨ ਲਈ ਸਰਕਾਰਾਂ ਨੂੰ ਸਰੋਤਾਂ ਦੀ ਚਾਦਰ ਦੀ ਸੋਚ-ਸਮਝ ਕੇ ਵਰਤੋਂ ਕਰਨੀ ਹੋਵੇਗੀ। ਉਤਰ ਪ੍ਰਦੇਸ਼ ਵਿੱਚ ਅਧਿਕਾਰਤ ਤੌਰ 'ਤੇ ਕਰੀਬ 23 ਲੱਖ ਪ੍ਰਵਾਸੀ ਮਜ਼ਦੂਰ ਦੂਸਰੇ ਰਾਜਾਂ ਤੋਂ ਆਏ ਹਨ। ਇਸ ਸਰਕਾਰ ਦੇ ਅੰਕੜਿਆਂ ਅਨੁਸਾਰ ਸੂਬੇ 'ਚ 6497 ਕੋਰੋਨਾ ਇਨਫੈਕਸ਼ਨ ਤੋਂ ਪੀੜਤਾਂ 'ਚ ਲਗੱਭਗ 1663 ਮਜ਼ਦੂਰ ਹਨ, ਪਰ ਸਿਆਸੀ ਬਿਆਨਬਾਜ਼ੀ ਅਨੁਸਾਰ ਮਹਾਰਾਸ਼ਟਰ ਤੋਂ ਆਏ 75 ਫੀਸਦੀ ਪ੍ਰਵਾਸੀ ਅਤੇ ਦਿੱਲੀ ਤੋਂ 50 ਫੀਸਦੀ ਪ੍ਰਵਾਸੀ ਲੋਕਾਂ ਨੂੰ ਕੋਰੋਨਾ ਇਨਫੈਕਟਿਡ ਦੱਸਿਆ ਜਾ ਰਿਹਾ ਹੈ। ਬਗੈਰ ਟੈਸਟਿੰਗ ਦੇ ਹੋ ਰਹੀ ਇਸ ਮੀਡੀਆਬਾਜ਼ੀ ਨਾਲ ਬਿਹਾਰ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਗ਼ਰੀਬ ਰਾਜਾਂ ਦੇ ਪਿੰਡਾਂ ਅਤੇ ਕਸਬਿਆਂ 'ਚ ਸਹਿਮ ਦਾ ਮਾਹੌਲ ਹੈ। ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਸਫਲ ਬਣਾਉਣ ਲਈ 'ਮਿਨੀਮਮ ਗਵਰਨਮੈਂਟ ਮੈਕਸੀਮਮ ਗਵਰਨੈਂਸ' ਦਾ ਮੰਤਰ ਦਿੱਤਾ ਸੀ, ਜਿਸ ਦੀ ਬਜਾਏ ਮੈਕਸੀਮਮ ਗਵਰਨਮੈਂਟ ਮਿਨੀਮਮ ਗਵਰਨੈਂਸ ਦੀ ਅਫਸਰਸ਼ਾਹੀ ਪੂਰੇ ਦੇਸ਼ 'ਚ ਹਾਵੀ ਹੋ ਰਹੀ ਹੈ। ਰੇਲ ਮੰਤਰੀ ਨੇ ਟਵੀਟ ਕਰਕੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਤੋਂ ਯਾਤਰੀਆਂ ਦੀ ਸੂਚੀ ਮੰਗੀ ਹੈ।

ਪਿਛਲੇ ਤਿੰਨ ਮਹੀਨਿਆਂ ਦੇ ਲਾਕਡਾਊਨ 'ਚ ਕੇਂਦਰ, ਸੂਬਾ ਅਤੇ ਸਥਾਨਕ ਪ੍ਰਸ਼ਾਸਨ ਨੇ ਹਜ਼ਾਰਾਂ ਹੁਕਮ ਪਾਸ ਕੀਤੇ। ਰੇਲ ਮੰਤਰੀ ਦੇ ਟਵੀਟ ਦੀ ਤਰਜ਼ 'ਤੇ ਸਾਰੇ ਹੁਕਮ ਜੇ ਇੱਕ ਸਰਕਾਰੀ ਵੈਬਸਾਈਟ ਜਾਂ ਐਪ 'ਚ ਹੋਣ ਤਾਂ ਲਾਕਡਾਊਨ ਦਾ ਮਿਸ-ਮੈਨੇਜਮੈਂਟ ਖ਼ਤਮ ਹੋ ਸਕੇਗਾ।

ਸਿਹਤ ਮੰਤਰੀ ਅਤੇ ਡਬਲਿਊ ਐਚ ਓ ਦੇ ਕਾਰਜਕਾਰੀ ਬੋਰਡ ਦੇ ਨਵੇਂ ਮੁਖੀ ਡਾ. ਹਰਸ਼ਵਰਧਨ ਅਨੁਸਾਰ ਭਾਰਤ ਨੂੰ ਕੋਰੋਨਾ ਨਾਲ ਰਹਿਣ ਦਾ ਅਭਿਆਸ ਕਰਨਾ ਹੋਵੇਗਾ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਫਰਸ਼, ਸੜਕ ਜਾਂ ਠੋਸ ਸਤ੍ਹਾ 'ਤੇ ਮੌਜੂਦ ਕੋਰੋਨਾ ਦੇ ਵਾਇਰਸ ਤੋਂ ਵੱਧ ਭੈਅਭੀਤ ਹੋਣ ਦੀ ਲੋੜ ਨਹੀਂ ਹੈ। ਇਸ ਦੇ ਬਾਵਜੂਦ ਕਿਰਤੀਆਂ ਅਤੇ ਸੜਕਾਂ 'ਤੇ ਸੈਨੀਟਾਈਜੇਸ਼ਨ ਦੀ ਭਿਆਨਕ ਵਰਤੋਂ ਜਾਰੀ ਹੈ। ਪੀ ਪੀ ਈ ਕਿੱਟਾਂ ਅਤੇ ਡਿਸਪੋਜ਼ੇਬਲ ਦੀ ਕਈ ਲੋਕਾਂ ਵੱਲੋਂ ਬੇਵਜ੍ਹਾ ਵਰਤੋਂ ਕੀਤੇ ਜਾਣ ਅਤੇ ਡਿਸਪੋਜ਼ੇਬਲ ਦਾ ਸਹੀ ਪ੍ਰਬੰਧ ਨਾ ਹੋਣ ਨਾਲ ਇਨਫੈਕਸ਼ਨ ਨਾਲ ਪ੍ਰਦੂਸ਼ਣ ਦੇ ਖ਼ਤਰੇ ਵਧੇ ਹਨ। ਹਜ਼ਾਰਾਂ ਕਿਲੋਮੀਟਰ ਸਾਈਕਲ ਚਲਾ ਕੇ ਪਿਤਾ ਨੂੰ ਸੁਰੱਖਿਅਤ ਘਰ ਪੁਚਾਉਣ ਵਾਲੀ ਜੋਤੀ ਦੇ ਹੌਸਲੇ ਦੀ ਸ਼ਲਾਘਾ ਇਵਾਂਕਾ ਟਰੰਪ ਨੇ ਕੀਤੀ ਹੈ, ਜਿਸ ਤੋਂ ਬਾਅਦ ਭਾਰਤ ਦੇ ਨੇਤਾਵਾਂ 'ਚ ਵਧਾਈ ਦੇਣ ਦੀ ਹੋੜ ਮੱਚ ਗਈ। ਲਾਕਡਾਊਨ ਦੇ ਸੰਕਟ 'ਚ ਜੋਤੀ ਵਰਗੇ ਲੱਖਾਂ ਨੌਜਵਾਨਾਂ ਦੇ ਸੰਘਰਸ਼ ਦੀ ਮਾਣ ਭਰੀ ਗਾਥਾ ਪੂਰੇ ਦੇਸ਼ ਦੇ ਮਾਣ ਨੂੰ ਕੌਮਾਂਤਰੀ ਪੱਧਰ ਉੱਤੇ ਵਧਾ ਸਕਦੀ ਹੈ। ਕੋਰੋਨਾ ਦੇ ਇਸ ਭਿਆਨਕ ਸੰਕਟ ਨਾਲ ਭਾਰਤ ਦੇ ਹਿੰਮਤੀ ਲੋਕ ਨਜਿੱਠ ਹੀ ਲੈਣਗੇ, ਪਰ ਆਰ ਡਬਲਯੂ ਏ ਅਤੇ ਅਫਸਰਸ਼ਾਹੀ ਦੀ ਪੰਚਾਇਤ 'ਚ ਜੇਕਰ ਦੇਸ਼ ਦੇ ਵਿਕਾਸ ਦਾ ਪਹੀਆ ਫਸ ਗਿਆ ਤਾਂ ਫਿਰ ਅਰਥ ਵਿਵਸਥਾ ਨੂੰ ਵੈਂਟੀਲੇਟਰ ਨਾਲ ਆਤਮ-ਨਿਰਭਰਤਾ ਦੇ ਰੱਬ ਨੂੰ ਕੱਢਣਾ ਮੁਸ਼ਕਲ ਹੋਵੇਗਾ।


# ਤੀਰ ਨਿਸ਼ਾਨੇ ਉੱਤੇ

-ਸੁਖਵੀਰ ਸਿੰਘ ਕੰਗ

ਇਹ ਗੱਲ ਉਨੀ ਸੌ ਪਚਾਸੀ ਜਾਂ ਛਿਆਸੀ ਦੀ ਹੋਵੇਗੀ। ਉਨ੍ਹਾਂ ਸਮਿਆਂ ਵਿੱਚ ਕੌਮੀ ਸ਼ਾਹ-ਰਾਹਾਂ ਜਾਂ ਮੁੱਖ ਸੜਕਾਂ ਉਪਰ ਸਰਕਾਰੀ ਬੱਸਾਂ ਹੀ ਜ਼ਿਆਦਾ ਚਲਦੀਆਂ ਸਨ ਤੇ ਪ੍ਰਾਈਵੇਟ ਬੱਸਾਂ ਦੀ ਗਿਣਤੀ ਘੱਟ ਹੁੰਦੀ ਸੀ। ਕਾਰਾਂ ਦੇ ਸਫ਼ਰ ਦਾ ਰੁਝਾਨ ਉਦੋਂ ਤੱਕ ਘੱਟ ਸੀ। ਇਸ ਕਰਕੇ ਬੱਸਾਂ ਨੂੰ ਸਵਾਰੀ ਕਾਫ਼ੀ ਮਿਲ ਜਾਂਦੀ ਸੀ। ਬੱਸਾਂ ਆਮ ਕਰਕੇ ਮੁੱਖ ਅੱਡਿਆਂ ਤੋਂ ਹੀ ਸਵਾਰੀਆਂ ਨਾਲ ਭਰ ਜਾਂਦੀਆਂ ਸਨ। ਫਿਰ ਇਹ ਵੱਡੇ ਕਸਬਿਆਂ ਵਿੱਚ ਹੀ ਰੁਕਦੀਆਂ ਸਨ ਅਤੇ ਬੱਸਾਂ ਵਾਲੇ ਰਸਤੇ ਦੇ ਪਿੰਡਾਂ ਦੀ ਸਵਾਰੀ ਘੱਟ ਹੀ ਚੁੱਕਦੇ ਜਾਂ ਉਤਾਰਦੇ ਸਨ।

ਮੇਰਾ ਪਿੰਡ ਵੀ ਇਸ ਵਰਤਾਰੇ ਦਾ ਸ਼ਿਕਾਰ ਰਿਹਾ ਸੀ। ਮੇਰਾ ਪਿੰਡ ਚੰਡੀਗੜ੍ਹ-ਲੁਧਿਆਣਾ ਰੂਟ 'ਤੇ ਪੈਂਦੇ ਕਸਬਿਆਂ ਸਮਰਾਲਾ ਤੇ ਖਮਾਣੋਂ ਦੇ ਵਿਚਾਲੇ ਮੁੱਖ ਸੜਕ ਦੇ ਐਨ ਉਪਰ ਵਸਿਆ ਹੋਇਆ ਹੈ। ਇਸ ਵਿੱਚੋਂ ਲੰਘਦੀਆਂ ਬੱਸਾਂ ਬੱਚਿਆਂ ਨੂੰ 'ਪੀ' ਦਿਖਾਉਣ ਦੇ ਕੰਮ ਆਉਂਦੀਆਂ ਸਨ। ਇਨ੍ਹਾਂ ਵਿੱਚ ਸਵਾਰ ਹੋ ਕੇ ਪਿੰਡ ਉਤਰਨ ਜਾਂ ਲੋੜ ਪੈਣ 'ਤੇ ਪਿੰਡੋਂ ਸਵਾਰ ਹੋ ਜਾਣ ਦਾ ਸਬੱਬ ਬਹੁਤ ਘੱਟ ਹੀ ਬਣਦਾ ਸੀ।

ਇੱਕ ਵਾਰ ਸਾਡੇ ਇਲਾਕੇ ਵਿੱਚ ਮੀਂਹ ਨਾਲ ਬਹੁਤ ਤੇਜ਼ ਹਨੇਰੀ ਆਈ, ਜਿਸ ਨਾਲ ਬਿਜਲੀ ਦੇ ਬਹੁਤ ਸਾਰੇ ਖੰਭੇ ਤੇ ਦਰੱਖਤ ਟੁੱਟ ਕੇ ਅਤੇ ਜੜ੍ਹਾਂ ਤੋਂ ਉਖੜ ਕੇ ਡਿੱਗ ਪਏ। ਗਰਮੀ ਦਾ ਮੌਸਮ ਸੀ, ਬਾਅਦ ਦੁਪਹਿਰ ਦਾ ਵੇਲਾ ਸੀ ਅਤੇ ਬਿਜਲੀ ਵੀ ਨਹੀਂ ਸੀ, ਪਰ ਬਾਹਰ ਮੀਂਹ ਹਟਣ ਤੋਂ ਬਾਅਦ



ਮੌਸਮ ਸੋਹਣਾ ਹੋ ਗਿਆ ਸੀ। ਮੱਠੀ-ਮੱਠੀ ਚਲਦੀ ਠੰਢੀ ਹਵਾ ਦਾ ਆਨੰਦ ਲੈਣ ਮੈਂ ਤੇ ਮੇਰਾ ਵੱਡਾ ਭਰਾ ਘਰੋਂ ਬਾਹਰ ਨਿਕਲ ਆਏ ਅਤੇ ਸੜਕ ਵੱਲ ਜਾਂਦਿਆਂ ਸਾਡੇ ਨਾਲ ਗੁਆਂਢ ਅਤੇ ਪਿੰਡ ਦੇ ਪੰਜ ਛੇ ਮੁੰਡੇ ਹੋਰ ਰਲ ਗਏ। ਅਸੀਂ ਦੇਖਿਆ ਕਿ ਪਿੰਡਾਂ ਦੇ ਚੜ੍ਹਦੇ ਵਾਲੇ ਪਾਸੇ ਸੜਕ 'ਤੇ ਕਾਫ਼ੀ ਦਰੱਖਤ ਡਿੱਗੇ ਹੋਏ ਸਨ। ਅਸੀਂ ਸਾਰੇ ਇਕੱਠੇ ਹੋ ਕੇ ਡਿੱਗੇ ਰੁੱਖਾਂ ਦਾ ਜਾਇਜ਼ਾ ਲੈਣ ਸੜਕ 'ਤੇ ਉਸ ਪਾਸੇ ਗੇੜਾ ਮਾਰਨ ਚੱਲ ਪਏ। ਥੋੜ੍ਹੀ ਦੂਰ ਜਾ ਕੇ ਦੇਖਿਆ ਕਿ ਲੋੜਵੰਦ ਲੋਕ ਬਾਲਣ ਵਾਸਤੇ ਟਾਹਣੀਆਂ ਵੱਢਣ ਵਿੱਚ ਜੁਟੇ ਹੋਏ ਸਨ। ਆਵਾਜਾਈ ਬੰਦ ਵਰਗੀ ਸੀ। ਅਸੀਂ ਹੋਰ ਅੱਗੇ ਹੋਏ ਤਾਂ ਦੇਖਿਆ ਕਿ ਫਿਰੋਜ਼ਪੁਰ ਡਿਪੂ ਦੀ ਰੋਡਵੇਜ਼ ਦੀ ਬੱਸ ਡਿੱਗੇ ਦਰੱਖਤਾਂ ਦੇ ਵਿਚਕਾਰ ਰੁਕੀ ਹੋਈ ਸੀ। ਬੱਸ ਤੇ ਸਵਾਰੀਆਂ ਸੁਰੱਖਿਅਤ ਸਨ, ਪਰ ਬੱਸ ਅੱਗੇ ਜਾਂ ਪਿੱਛੇ ਨਹੀਂ ਸੀ ਜਾ ਸਕਦੀ। ਬੱਸ ਦਾ ਡਰਾਈਵਰ ਅਤੇ ਕੰਡਕਟਰ ਦੋਵੇਂ ਬਾਲਣ ਵੱਢਣ ਵਾਲਿਆਂ ਤੇ ਸਵਾਰੀਆਂ ਦੀ ਮਦਦ ਨਾਲ ਡਿੱਗੇ ਹੋਏ ਦਰੱਖਤਾਂ ਦੀਆਂ ਟਾਹਣੀਆਂ ਵੱਢ ਅਤੇ ਖਿੱਚ ਕੇ ਪਾਸੇ ਕਰਨ ਲੱਗੇ ਹੋਏ ਸਨ। ਸਾਨੂੰ ਸੱਤ-ਅੱਠ ਮੁੰਡਿਆਂ ਨੂੰ ਆਪਣੇ ਵੱਲ ਆਉਂਦਿਆਂ ਨੂੰ ਸਭ ਆਸ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਸਨ। ਉਨ੍ਹਾਂ ਦੇ ਥੋੜ੍ਹਾ ਹੋਰ ਨੇੜੇ ਪਹੁੰਚਣ 'ਤੇ ਡਰਾਈਵਰ ਨੇ ਆਵਾਜ਼ ਦੇ ਦਿੱਤੀ, ''ਆਇਓ ਬਈ ਮੁੰਡਿਓ! ਆਹ ਟਾਹਣੇ ਨੂੰ ਪੁਆਇਓ ਹੱਥ, ਇਹ ਜ਼ਿਆਦਾ ਈ ਭਾਰੀ ਐ।''

ਉਸ ਦੇ ਇੰਨਾ ਕਹਿਣ 'ਤੇ ਮੇਰੇ ਵੱਡੇ ਭਰਾ ਨੂੰ ਇਕਦਮ ਪਤਾ ਨਹੀਂ ਕਿੱਥੋਂ ਗੱਲ ਸੁੱਝੀ ਅਤੇ ਕਹਿ ਦਿੱਤਾ, ''ਅਸੀਂ ਓਹੀ ਆਂ, ਜਿਨ੍ਹਾਂ ਨੂੰ ਸਮਰਾਲੇ ਇਹ ਕਹਿ ਕੇ ਬੱਸ ਤੋਂ ਥੱਲੇ ਲਾਹ ਦਿੰਨੇ ਓਂ, ਬਈ ਖਮਾਣੋਂ ਤੋਂ ਰਾਹ 'ਚ ਨੀਂ ਰੁਕਣੀ। ਖਿੱਚ ਲਓ ਆਪੇ।'' ਇਹ ਗੱਲ ਸੁਣ ਕੇ ਡਰਾਈਵਰ ਸ਼ਰਮਿੰਦਾ ਹੋ ਗਿਆ ਅਤੇ ਅੱਗੋਂ ਕੁਝ ਵੀ ਨਾ ਕਹਿ ਸਕਿਆ। ਅਸੀਂ ਸਾਰਿਆਂ ਨੇ ਵੀ ਉਸ ਦੀ ਗੱਲ ਦੀ ਹਾਮੀ ਭਰੀ। ਸਵਾਰੀਆਂ ਚੁੱਪ ਸਨ ਕਿਉਂਕਿ ਗੱਲ ਵਾਜਬ ਸੀ। ਫਿਰ ਸਾਡੇ ਇੱਕ-ਦੋ ਸਾਥੀਆਂ ਦੇ ਕਹਿਣ 'ਤੇ ਅਤੇ ਸਵਾਰੀਆਂ ਬਾਰੇ ਸੋਚ ਕੇ ਅਸੀਂ ਵੱਡਾ ਟਾਹਣਾ ਖਿੱਚ ਕੇ ਪਾਸੇ ਕਰਨ ਵਿੱਚ ਮਦਦ ਕਰ ਦਿੱਤੀ ਅਤੇ ਸਾਡੇ ਸਭ ਦੇ ਨਾਲ ਲੱਗ ਜਾਣ ਕਰਕੇ ਬੱਸ ਦੇ ਲੰਘਣ ਯੋਗ ਰਸਤਾ ਛੇਤੀ ਸਾਫ਼ ਹੋ ਗਿਆ। ਜਾਣ ਵੇਲੇ ਬੱਸ ਦਾ ਡਰਾਈਵਰ ਅਤੇ ਕੰਟਕਟਰ ਸਾਡੇ ਸਾਰਿਆਂ ਨਾਲ ਹੱਥ ਮਿਲਾ ਕੇ ਇਹ ਵਾਅਦਾ ਕਰਕੇ ਗਏ ਕਿ ਅਸੀਂ ਤੁਹਾਡੇ ਪਿੰਡ ਸਵਾਰੀ ਉਤਾਰਿਆ ਵੀ ਕਰਾਂਗੇ ਅਤੇ ਚੁੱਕਿਆ ਵੀ ਕਰਾਂਗੇ। ਬੱਸ ਦੇ ਆਪਣੀ ਮੰਜ਼ਿਲ ਵੱਲ ਰਵਾਨਾ ਹੋ ਜਾਣ 'ਤੇ ਅਸੀਂ ਹੱਸਦੇ-ਖੇਡਦੇ ਇੱਕ ਯਾਦ ਪੱਲੇ ਬੰਨ੍ਹ ਕੇ ਵਾਪਸ ਘਰ ਆ ਗਏ।

# ਸੁੰਦਰ ਲਿਖਾਈ ਦੀ ਸਰਬ ਸੰਮਤੀ

-ਸੁਪਿੰਦਰ ਸਿੰਘ ਰਾਣਾ

ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿੱਚ ਤਲਖੀ ਹੋਣ ਤੇ ਪ੍ਰਧਾਨ ਨੇ ਜੇਬ ਵਿੱਚੋਂ ਅਸਤੀਫ਼ੇ ਦਾ ਕਾਗਜ਼ ਕੱਢ ਕੇ ਮੇਜ਼ ਉਤੇ ਰੱਖ ਦਿੱਤਾ। ਜਾਪਦਾ ਸੀ, ਜਿਵੇਂ ਉਹ ਸੋਚ ਕੇ ਆਏ ਹੋਣ ਕਿ ਜੇ ਗੱਲ ਨਾ ਮੰਨੀ ਗਈ ਤਾਂ ਅਸਤੀਫ਼ਾ ਦੇ ਦੇਣਾ ਹੈ। ਉਨ੍ਹਾਂ ਦੇ ਇੱਕ ਦੋ ਹੋਰ ਸਾਥੀਆਂ ਨੇ ਵੀ ਆਪਣੇ ਅਸਤੀਫ਼ੇ ਦੇ ਦਿੱਤੇ। ਅੱਧਾ ਘੰਟੇ ਪਹਿਲਾਂ ਕਿਸੇ ਮੈਂਬਰ ਨੂੰ ਚਿੱਤ ਚੇਤਾ ਨਹੀਂ ਸੀ ਕਿ ਇਹ ਭਾਣਾ ਵਾਪਰ ਜਾਵੇਗਾ। ਮੈਂ ਉਠ ਕੇ ਪ੍ਰਧਾਨ ਨੂੰ ਅਸਤੀਫ਼ਾ ਨਾ ਦੇਣ ਦੀ ਸਲਾਹ ਦਿੱਤੀ ਪਰ ਉਨ੍ਹਾਂ ਇੱਕ ਨਾ ਸੁਣੀ, ਸਗੋਂ ਕਮਰੇ ਵਿੱਚੋਂ ਬਾਹਰ ਨਿਕਲ ਗਏ। ਮੀਟਿੰਗ ਖ਼ਤਮ ਹੋ ਗਈ। ਦੋ ਚਾਰ ਦਿਨ ਇੱਕ ਦੂਜੇ ਨੂੰ ਮਨਾਉਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਸਫ਼ਲਤਾ ਹੱਥ ਨਾ ਲੱਗੀ। ਕਮੇਟੀ ਵਿੱਚ ਦੋ ਧੜੇ ਬਣ ਗਏ। ਇਸ ਨਾਲ ਹਰ ਕੋਈ ਆਪਣੇ ਪਾਸੇ ਵਾਲੇ ਨੂੰ ਪ੍ਰਧਾਨਗੀ ਤੇ ਹੋਰ ਅਹੁਦੇ ਦਿਵਾਉਣਾ ਚਾਹੁੰਦਾ ਸੀ। ਦੋਵੇਂ ਪਾਸਿਓਂ ਬੰਦੇ ਤੋੜਨ ਲਈ ਜ਼ੋਰ ਲੱਗ ਰਿਹਾ ਸੀ। ਘਰਾਂ ਵਿੱਚ ਮੀਟਿੰਗਾਂ ਦਾ ਦੌਰ ਵਧ ਗਿਆ। ਆਪਸੀ ਪਿਆਰ ਵਿੱਚ ਵੀ ਤਰੇੜਾਂ ਪੈਣ ਦੀ ਨੌਬਤ ਆ ਗਈ। ਜੇ ਕੋਈ ਕਿਸੇ ਸ਼ਖ਼ਸ ਕੋਲ ਖੜ੍ਹਾ ਦਿੱਸ ਜਾਵੇ ਤਾਂ ਉਸੇ ਸਮੇਂ ਇਹ ਗੱਲ ਫੈਲ ਜਾਂਦੀ ਕਿ ਫਲਾਣਾ ਸ਼ਖ਼ਸ ਦੂਜੇ ਧੜੇ ਵਿੱਚ ਚਲੇ ਗਿਆ ਹੈ। ਇੱਕ ਧੜੇ ਨੇ ਗੁਰਦੁਆਰੇ ਦੇ ਬੋਰਡ ਤੇ ਨਵੀਆਂ ਵੋਟਾਂ ਬਣਾਉਣ ਦਾ ਨੋਟਿਸ ਲਾ ਦਿੱਤਾ। ਦੂਜੇ ਨੇ ਵੋਟਾਂ ਦੀ ਪ੍ਰਕਿਰਿਆ ਬੰਦ ਹੋਣ ਵਾਲੇ ਮਤੇ ਕਾਪੀ ਚਿਪਕਾ ਦਿੱਤੀ। ਦਹਾਕਿਆਂ ਦੇ ਇਤਿਹਾਸ ਵਿੱਚ ਗੁਰਦੁਆਰਾ ਕਮੇਟੀ ਲਈ ਇੱਕੋ ਵਾਰ ਵੋਟਾਂ ਪਈਆਂ ਸਨ। ਫਿਰ ਉਹੋ ਮਾਹੌਲ ਬਣ ਗਿਆ ਸੀ। ਅਸੀਂ ਕੁਝ ਮੈਂਬਰਾਂ ਨੇ ਹਿੰਮਤ ਕਰਕੇ ਦੋਵਾਂ ਧਿਰਾਂ ਵਿੱਚ ਸਰਬ ਸੰਮਤੀ ਦੀ ਕੋਸ਼ਿਸ਼ ਕੀਤੀ। ਦੋਵਾਂ ਧੜਿਆਂ ਦੇ ਚਾਰ ਚਾਰ ਲੈ ਕੇ ਉਨ੍ਹਾਂ ਨੂੰ ਨਵੀਂ ਕਮੇਟੀ ਬਾਰੇ ਫੈਸਲਾ ਲੈਣ ਦੇ ਅਧਿਕਾਰ ਦੇ ਦਿੱਤੇ।

ਮੀਟਿੰਗ ਸ਼ੁਰੂ ਹੋ ਗਈ। ਪਹਿਲਾਂ ਪੁਰਾਣੀ ਕਮੇਟੀ ਰੱਖਣ ਦੀ ਗੱਲ ਹੋਈ, ਪਰ ਬਹੁਤਾ ਸਹਿਯੋਗ ਨਾ ਮਿ-ਲਿਆ। ਮੈਂ ਸੁਝਾਅ ਦਿੱਤਾ ਕਿ ਦੋਵਾਂ ਧੜਿਆਂ ਦੇ ਮੈਂਬਰਾਂ ਨੂੰ ਛੱਡ ਕੇ ਕਿਉਂ ਨਾ ਨਵੇਂ ਚਿਹਰੇ ਹੀ ਕਮੇਟੀ ਲਈ ਚੁਣ ਲਈਏ। ਸਭ ਨੇ ਵਿਚਾਰ-ਵਟਾਂਦਰੇ ਮਗਰੋਂ ਸਹਿਮਤੀ ਦੇ ਦਿੱਤੀ। ਪੰਦਰਾਂ ਵੀਹ ਮਿੰਟਾਂ ਵਿੱਚ ਨਵੀਂ ਕਮੇਟੀ ਲਈ ਉਮੀਦਵਾਰਾਂ ਦੀ ਲਿਸਟ ਬਣ ਗਈ। ਸਾਰੇ ਮੈਂਬਰਾਂ ਨੇ ਸਹਿਮਤੀ ਵਜੋਂ ਕਾਗਜ਼ ਉਤੇ ਉਮੀਦਵਾਰਾਂ ਤੇ ਅਹੁਦਿਆਂ ਦੇ ਨਾਂ ਲਿਖੇ ਅਤੇ ਦਸਤਖ਼ਤ ਕਰ ਦਿੱਤੇ। ਉਂਜ ਸਾਰੇ ਹੈਰਾਨ ਸਨ ਕਿ ਮਸਲਾ ਐਨੀ ਛੇਤੀ ਹੱਲ ਹੋ ਜਾਵੇਗਾ! ਸੰਗਤ ਤੋਂ ਪ੍ਰਵਾਨਗੀ ਦੀ ਵਾਰੀ ਸੀ। ਸਾਰਿਆਂ ਨੂੰ ਫ਼ੈਸਲਾ ਪਸੰਦ ਆ ਗਿਆ ਸੀ। ਦੋ ਚਾਰ ਦਿਨਾਂ ਮਗਰੋਂ ਜਨਰਲ ਹਾਊਸ ਸੱਦਣ ਲਈ ਕਿਹਾ ਗਿਆ।

ਇੰਨੇ ਨੂੰ ਜਿਸ ਸੱਜਣ ਨੂੰ ਜਨਰਲ ਸਕੱਤਰ ਥਾਪਿਆ ਸੀ, ਉਸ ਨੇ ਕੰਮ ਕਰਨ ਤੋਂ ਅਸਮਰਥਾ ਪ੍ਰਗਟਾ ਦਿੱਤੀ। ਸਾਨੂੰ ਅੱਠ ਮੈਂਬਰਾਂ ਨੂੰ ਫਿਰ ਹੱਥਾਂ ਪੈਰਾਂ ਦੀ ਪੈ ਗਈ। ਦੁਬਾਰਾ ਮੀਟਿੰਗ ਸੱਜੀ। ਇਸ ਦੌਰਾਨ ਕਿਸੇ ਇੱਕ ਨਾਂ ਉਤੇ ਸਹਿਮਤੀ ਨਾ ਹੁੰਦੀ ਦੇਖ ਮੇਰੇ ਮੂੰਹੋਂ ਸਹਿਜ ਸੁਭਾ ਨਿਕਲ ਗਿਆ ਕਿ ਨੋਟਿਸ ਬੋਰਡ ਤੇ ਸੁੰਦਰ ਲਿਖਾਈ ਲਿਖਣ ਵਾਲਾ ਸੱਜਣ ਕੌਣ ਹੈ! ਅਸਲ ਵਿੱਚ ਬੋਰਡ ਤੇ ਰੋਜ਼ ਹੁਕਮਨਾਮਾ ਅਤੇ ਹੋਰ ਜਾਣਕਾਰੀ ਸੋਹਣੇ ਅੱਖਰਾਂ ਨਾਲ ਲਿਖਿਆ ਦੇਖ ਕੇ ਆਉਣ ਵਾਲੇ ਹਰ ਸ਼ਰਧਾਲੂ ਦਾ ਮਨ ਖਿੜ ਉਠਦਾ ਸੀ। ਮੈਂ ਕਿਹਾ, ''ਕਿਉਂ ਨਾ ਆਪਾਂ ਸੋਹਣੀ ਲਿਖਾਈ ਵਾਲੇ ਸੱਜਣ ਨੂੰ ਪੇਸ਼ਕਸ਼ ਕਰੀਏ।''

ਸਾਰੇ ਮੈਂਬਰਾਂ ਨੇ ਸਹਿਮਤੀ ਦੇ ਦਿੱਤੀ। ਕੁਝ ਮੈਂਬਰਾਂ ਨੇ ਕਿਹਾ ਕਿ ਗੱਲ ਠੀਕ ਹੈ ਪਰ ਉਸ ਤੋਂ ਪਹਿਲਾਂ ਪੁੱਛ ਲਓ, ਕਿਤੇ ਉਹੀ ਗੱਲ ਨਾ ਹੋਵੇ। ਖ਼ੈਰ ਉਸ ਨੂੰ ਫੋਨ ਉਤੇ ਇਸ ਬਾਰੇ ਪੁੱਛਿਆ ਤਾਂ ਉਹ ਬਹੁਤ ਸ਼ੁਕਰ ਗੁਜ਼ਾਰ ਹੋਇਆ। ਵੀਹ ਕੁ ਮਿੰਟਾਂ ਵਿੱਚ ਉਹ ਸੱਜਣ ਆ ਗਿਆ। ਮਗਰੋਂ ਪਤਾ ਲੱਗਾ ਕਿ ਉਨ੍ਹਾਂ ਬੋਰਡ ਤੇ ਹੁਕਮਨਾਮਾ ਲਿਖਣ ਦੀ ਸੇਵਾ ਮੰਗ ਕੇ ਲਈ ਸੀ। ਇਹ ਸੱਜਣ ਪੁਰਾਤੱਤਵ ਵਿਭਾਗ ਚੰਡੀਗੜ੍ਹ ਤੋਂ ਆਰਟ ਡਾਇਰੈਕਟਰ ਵਜੋਂ ਸੇਵਾਮੁਕਤ ਹੋਏ ਸਨ। ਨਵਾਂ ਸ਼ਹਿਰ ਨੇੜੇ ਕਸਬਾ ਜਾਡਲਾ ਦੇ ਜੰਮਪਲ ਇਸ ਸੱਜਣ ਅਮਰੀਕ ਸਿੰਘ ਨੇ ਫਾਈਨ ਆਰਟਸ ਕਾਲਜ, ਸ਼ਿਮਲਾ ਵਿੱਚ ਅੱਵਲ ਰਹਿ ਕੇ ਦੋ ਸਾਲਾ ਕੋਰਸ ਕੀਤਾ ਸੀ ਤੇ ਫਿਰ ਚੰਡੀਗੜ੍ਹ ਦੇ ਆਰਟ ਕਾਲਜ ਤੋਂ ਪੰਜ ਸਾਲਾ ਡਿਗਰੀ ਕੀਤੀ ਸੀ। ਸੇਵਾਮੁਕਤ ਹੋਣ ਮਗਰੋਂ ਦੋ ਤਿੰਨ ਵਿਦਿਅਕ ਸੰਸਥਾਵਾਂ ਵਿੱਚ ਕਈ ਸਾਲ ਸਿਖਿਆਰਥੀਆਂ ਨੂੰ ਆਰਟ ਦੀ ਸਿਖਲਾਈ ਦਿੱਤੀ।. ਸੁੰਦਰ ਲਿਖਾਈ ਨੇ ਧੜੇਬੰਦੀ ਖ਼ਤਮ ਕਰ ਦਿੱਤੀ ਸੀ।



### ਹਾਈ ਕੋਰਟ ਨੇ ਕਿਹਾ:

## ਫੀਸ ਦੇਣ ਤੋਂ ਅਸਮਰਥ ਮਾਪਿਆਂ ਦੇ ਬੱਚਿਆਂ ਨੂੰ ਸਕੂਲ ਪੜ੍ਹਨ ਤੋਂ ਵਾਂਝਾ ਨਹੀਂ ਕਰ ਸਕਦਾ




ਚੰਡੀਗੜ੍ਹ, 4 ਜੂਨ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਸਕੂਲ ਫੀਸ ਵਸੂਲਣ ਵਿਰੁੱਧ ਦਾਇਰ ਹੋਈ ਇੱਕ ਪਟੀਸ਼ਨ ਦਾ ਨਬੇੜਾ ਕਰਦੇ ਹੋਏ ਸਾਫ ਕੀਤਾ ਹੈ ਕਿ ਸਕੂਲ ਦੀ ਟਿਊਸ਼ਨ ਫੀਸ ਦੇਣ ਤੋਂ ਅਸਮਰਥ ਮਾਪਿਆਂ ਦੇ ਬੱਚਿਆਂ ਨੂੰ ਸਕੂਲ ਸਿਖਿਆ ਤੋਂ ਵਾਂਝਾ ਨਹੀਂ ਕਰ ਸਕਦਾ ਅਤੇ ਨਾ ਉਨ੍ਹਾਂ ਵਿਰੁੱਧ ਕੋਈ ਨਕਾਰਾਤਮਕ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਬਾਰੇ ਯੂ ਟੀ ਆਰਡਰ 18 ਮਈ ਦੇ ਕਲਾਜ ਚਾਰ ਦਾ ਹਵਾਲਾ ਦੇ ਕੇ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਕਿਸੇ ਵੀ ਪੇਰੈਂਟਸ ਵੱਲੋਂ ਸਕੂਲ ਟਿਊਸ਼ਨ ਫੀਸ ਦਾ ਭੁਗਤਾਨ ਨਹੀਂ ਕਰਨ 'ਤੇ ਨਾ ਸਕੂਲ ਵੱਲੋਂ ਬੱਚੇ ਦਾ ਨਾਂਅ ਕੱਟਿਆ ਜਾਵੇਗਾ ਅਤੇ ਨਾ ਉਸ ਨੂੰ ਸਿਖਿਆ ਤੋਂ ਵਾਂਝਾ ਕੀਤਾ ਜਾਵੇਗਾ।

ਅਦਾਲਤ ਅੱਗੇ ਪੇਸ਼ ਹੁੰਦਿਆਂ ਐਡਵੋਕੇਟ ਪੰਕਜ ਚਾਂਦਗੋਠੀਆ ਨੇ ਦਲੀਲ ਦਿੱਤੀ ਕਿ ਸਕੂਲ ਫੀਸ ਦੇਣ ਦੇ ਆਦੇਸ਼ ਦਾ ਨਤੀਜਾ ਏਥੇ ਸਕੂਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿਖਿਆ ਦੇ ਅਧਿਕਾਰ ਤੋਂ ਵਾਂਝਾ ਕਰ ਸਕਦਾ ਹੈ। ਚੀਫ ਜਸਟਿਸ ਨੇ ਇਸ ਬਾਰੇ ਕਿਹਾ ਕਿ ਕੋਈ ਵੀ ਮਾਪੇ ਜਾਂ ਬੱਚਾ ਵਿਸ਼ੇਸ਼ ਤੌਰ 'ਤੇ ਸਕੂਲ ਫੀਸ ਵਿਰੁੱਧ ਕੋਈ ਅਪੀਲ ਨਹੀਂ ਕਰ ਰਿਹਾ ਸੀ ਅਤੇ ਇਸ ਬਾਰੇ ਸਿਰਫ ਜਨਹਿਤ ਪਟੀਸ਼ਨ ਦਾਇਰ ਕੀਤੀ ਜਾ ਰਹੀ ਹੈ। ਬੈਂਚ ਨੇ ਇਹ ਵੀ ਕਿਹਾ ਕਿ ਜੇ ਕੋਈ ਮਾਪੇ ਫੀਸ ਦੇਣ ਵਿੱਚ ਅਸਮਰਥ ਹਨ ਤਾਂ ਉਹ ਪਹਿਲਾਂ ਸਕੂਲ ਨੂੰ ਲਿਖਤੀ ਰੂਪ ਵਿੱਚ ਦੇਣ। ਬੈਂਚ ਨੇ ਇਸ ਮੌਕੇ ਇਹ ਵੀ ਕਿਹਾ ਕਿ ਸਕੂਲ ਵੱਲੋਂ ਦੋ ਦਿਨਾਂ ਦੇ ਅੰਦਰ ਤਸੱਲੀਬਖਸ਼ ਜਵਾਬ ਨਾ ਮਿਲਿਆ ਤਾਂ ਮਾਪੇ ਫੀਸ ਵਸੂਲਣ ਨਾਲ ਸੰਬੰਧਤ ਕੇਸਾਂ ਬਾਰੇ ਨਿੱਜੀ ਸਕੂਲਾਂ ਵਿਰੁੱਧ ਯੂ ਟੀ ਪ੍ਰਸ਼ਾਸਨ ਵੱਲੋਂ ਬਣਾਈ ਅਤੇ ਯੂ ਟੀ ਚੰਡੀਗੜ੍ਹ ਦੇ ਸਿਖਿਆ ਸੈਕਟਰੀ ਦੀ ਅਗਵਾਈ ਵਾਲੀ ਫੀਸ ਰੈਗੂਲੇਰਟਰੀ ਅਥਾਰਟੀ ਨੂੰ ਲਿਖਤੀ ਸ਼ਿਕਾਇਤ ਦੇਣ। ਇਨ੍ਹਾਂ ਸ਼ਿਕਾਇਤਾਂ ਨੂੰ ਪ੍ਰਾਪਤੀ ਦੇ 15 ਦਿਨਾਂ ਦੇ ਅੰਦਰ ਜਾਂਚਣਾ ਜ਼ਰੂਰੀ ਹੈ। ਜੇ ਇਥੋਂ ਵੀ ਜਵਾਬ ਜਾਂ ਮਦਦ ਨਾ ਮਿਲੇ ਤਾਂ ਉਹ ਹਾਈ ਕੋਰਟ ਪਹੁੰਚ ਕਰ ਸਕਦੇ ਹਨ।

## ਅਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਦੇ ਕਾਰਨ ਦਰਬਾਰ ਸਾਹਿਬ ਵਿੱਚ ਦਾਖਲੇ ਦੇ ਰਸਤੇ ਬੰਦ




ਅੰਮ੍ਰਿਤਸਰ, 4 ਜੂਨ (ਪੋਸਟ ਬਿਊਰੋ)- ਅਕਾਲ ਤਖਤ ਸਾਹਿਬ ਵਿਖੇ ਛੇ ਜੂਨ ਦੇ ਅਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਦੇ ਸਮਾਗਮ ਲਈ ਅੱਜ ਸ੍ਰੀ ਅਖੰਡ ਪਾਠ ਸ਼ੁਰੂ ਹੋ ਗਏ ਹਨ। ਛੇ ਜੂਨ ਨੂੰ ਇਨ੍ਹਾਂ ਦੇ ਭੋਗ ਪਾਏ ਜਾਣਗੇ। ਇਸ ਮੌਕੇ ਕਿਸੇ ਵੀ ਤਰ੍ਹਾਂ ਦੇ ਸਮਾਗਮ ਦਾ ਧਿਆਨ ਰੱਖ ਕੇ ਪ੍ਰਸ਼ਾਸਨ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੀਆਂ ਸੰਗਤਾਂ ਰੋਕਣ ਲਈ ਗਲਿਆਰਾ ਪੁਲਸ ਵੱਲੋਂ ਵੀ ਪੁਖਤਾ ਪ੍ਰਬੰਧ ਕਰਵਾ ਦਿੱਤੇ ਹਨ ਅਤੇ ਗਲਿਆਰਾ ਚੌਕੀ ਵਿੱਚ ਪੈਂਦੇ ਸਾਰੇ ਰਸਤਿਆਂ ਨੂੰ ਬੰਦ ਕਰ ਦਿੱਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਦਾਖਲ ਹੋਣ ਲਈ ਗਲਿਆਰੇ ਤੋਂ ਕਈ ਰਸਤੇ ਹਨ, ਜਿਨ੍ਹਾਂ ਵਿੱਚ ਬਾਬਾ ਅਟੱਲ ਰਾਏ ਜੀ, ਗੁਰਦੁਆਰਾ ਬੀਬੀ ਕੌਲਾਂ ਜੀ, ਗੇਟ ਆਟਾ ਮੰਡੀ, ਗੇਟ ਖਜ਼ਾਨਾ ਡਿਓਢੀ, ਘੰਟਾ ਘਰ ਗੇਟ, ਗੇਟ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵੱਲ ਰੋਕਾਂ ਲਾਈਆਂ ਗਈਆਂ ਹਨ। ਘੰਟਾ ਘਰ ਗੇਟ, ਖਜ਼ਾਨਾ ਡਿਓਢੀ ਗੇਟ ਅਤੇ ਸਰਾਂ ਵਾਲੇ ਗੇਟ ਵੱਲੋਂ ਡਿਊਟੀ ਵਾਲੇ ਮੁਲਾਜ਼ਮ ਅਤੇ ਸੇਵਾ ਵਾਲੇ ਪ੍ਰੇਮੀਆਂ ਨੂੰ ਹੀ ਡਿਊਟੀ ਪਾਸ ਦੇਖ ਕੇ ਅੰਦਰ ਆਉਣ ਦੀ ਆਗਿਆ ਦਿੱਤੀ ਜਾ ਰਹੀ ਹੈ ਤੇ ਆਮ ਸੰਗਤਾਂ ਦੇ ਲੰਘਣ ਦੀ ਮੁਕੰਮਲ ਮਨਾਹੀ ਹੈ।

ਵਰਨਣ ਯੋਗ ਹੈ ਕਿ ਛੇ ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਵਿਖੇ ਜੂਨ 1984 ਦੀ ਫੌਜੀ ਕਾਰਵਾਈ ਅਪਰੇਸ਼ਨ ਬਲਿਊ ਸਟਾਰ ਦੇ ਸੰਬੰਧ ਵਿੱਚ ਸਮਾਗਮ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਗਰਮ ਖਿਆਲੀਆਂ ਵੱਲੋਂ ਸਰਕਾਰਾਂ ਦੇ ਖਿਲਾਫ ਰੋਸ ਵੀ ਪ੍ਰਗਟ ਕੀਤਾ ਜਾਂਦਾ ਹੈ ਅਤੇ ਵੱਖ-ਵੱਖ ਧਾਰਮਿਕ ਆਗੂਆਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਜਾਂਦੀ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਵੀ ਇਸ ਮੌਕੇ ਕੌਮ ਦੇ ਨਾਂਅ ਸੰਦੇਸ਼ ਦਿੱਤਾ ਜਾਂਦਾ ਹੈ। ਇਨ੍ਹਾਂ ਸਮਾਗਮਾਂ ਵਿੱਚ ਹੁੰਦੇ ਇਕੱਠ ਕਾਰਨ ਇਸ ਸਾਲ ਕੋਰੋਨਾ ਵਾਇਰਸ ਦੇ ਮੱਦੇਨਜ਼ਰ ਇਕੱਠ ਰੋਕਣ ਲਈ ਪ੍ਰਸ਼ਾਸਨ ਨੇ ਪੁਖਤਾ ਪ੍ਰਬੰਧ ਕੀਤੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਾਮਦਾਸ ਨੇ ਦੱਸਿਆ ਕਿ ਕੋਰੋਨਾ ਵਾਇਰਸ ਦੇ ਕਾਰਨ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਮਹਾਂਮਾਰੀ ਤੋਂ ਬਚਾਅ ਲਈ ਸਿਹਤ ਵਿਭਾਗ ਅਨੁਸਾਰ ਹਦਾਇਤਾਂ ਦਿੱਤੀਆਂ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੰਨਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਨੂੰ ਆਉਂਦੇ ਰਸਤੇ ਪ੍ਰਸ਼ਾਸਨ ਨੇ ਬੰਦ ਕੀਤੇ ਹਨ, ਜਿਸ ਬਾਰੇ ਉਹੀ ਦੱਸ ਸਕਦੇ ਹਨ।

## ਕਰੋੜਾਂ ਦੀ ਧੋਖਾਧੜੀ ਵਿੱਚ ਸਾਬਕਾ ਡਵੀਜ਼ਨਲ ਸੁਪਰਡੈਂਟ ਕਾਬੂ

ਮੋਹਾਲੀ, 4 ਜੂਨ (ਪੋਸਟ ਬਿਊਰੋ)- ਲੁਧਿਆਣਾ-ਫਿਰੋਜ਼ਪੁਰ ਹਾਈਵੇ ਬਣਾਉਣ, ਫਲਾਈਓਵਰ, ਰੇਲਵੇ ਓਵਰਬ੍ਰਿਜ ਆਦਿ ਦੇ ਕੰਮ ਲਈ ਜਾਅਲੀ ਦਸਤਾਵੇਜ਼ ਬਣਾ ਕੇ ਦਿੱਤੀ ਕਰੋੜਾਂ ਰੁਪਏ ਦੀ ਬੈਂਕ ਗਾਰੰਟੀ ਦੇ ਮਾਮਲੇ ਵਿੱਚ ਵਿਜੀਲੈਂਸ ਨੇ ਲੋਕ ਨਿਰਮਾਣ ਵਿਭਾਗ ਲੁਧਿਆਣਾ ਦੇ ਸਾਬਕਾ ਡਵੀਜ਼ਨਲ ਸੁਪਰਡੈਂਟ ਸੁਰਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਸ ਨੂੰ ਜਦੋਂ ਅਦਾਲਤ 'ਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਸ ਨੂੰ ਸਪੈਸ਼ਲ ਜੇਲ੍ਹ ਲੁਧਿਆਣਾ ਵਿੱਚ ਭੇਜ ਦਿੱਤਾ ਹੈ।

ਐੱਮ ਐੱਸ (ਐੱਚ ਜੀ ਸੀ ਐੱਲ) ਨੀਰਜ ਸੁਪਰੀਮ ਇਨਫ੍ਰਾਸਟ੍ਰਕਚਰ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਠੇਕੇਦਾਰ ਤੇ ਭਾਈਵਾਲ ਨੂੰ ਪੰਜਾਬ ਵਿਚਲੀ ਸਿੱਧਵਾਂ ਨਹਿਰ ਦੇ ਨਾਲ-ਨਾਲ ਦੋਰਾਹਾ ਤੋਂ ਲੁਧਿਆਣਾ-ਫਿਰੋਜ਼ਪੁਰ ਰੋਡ ਤੱਕ 26.9 ਕਿਲੋਮੀਟਰ ਸੜਕ ਨੂੰ ਚਾਰ ਮਾਰਗੀ ਕਰਨ, ਫਲਾਈਓਵਰ, ਅੰਡਰਪਾਸ, ਰੇਲਵੇ ਓਵਰਬ੍ਰਿਜ ਅਤੇ ਕੈਨਾਲ ਲਾਈਨਿੰਗ ਦੇ ਕੰਮ ਦਾ ਠੇਕਾ ਪੰਜਾਬ ਇਨਫਰਾਸਟ੍ਰਕਚਰ ਡਿਵੈਲਪਮੈਂਟ ਬੋਰਡ ਨੇ ਦਿੱਤਾ ਸੀ। ਇਸ ਦਾ ਐਗਰੀਮੈਂਟਾ ਮੁੱਖ ਇੰਜੀਨੀਅਰ ਅਤੇ ਠੇਕੇਦਾਰ ਕੰਪਨੀ 'ਚ 17 ਮਾਰਚ 2010 ਨੂੰ ਹੋਇਆ ਸੀ। ਇਸ ਪ੍ਰੋਜੈਕਟ ਦਾ ਕੰਮ ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਲੁਧਿਆਣਾ ਨੂੰ ਸੌਂਪਿਆ ਗਿਆ ਸੀ। ਸਾਲ 2013 ਵਿੱਚ ਠੇਕੇਦਾਰ ਦੀ ਮੰਗ ਅਨੁਸਾਰ ਲੋਕ ਨਿਰਮਾਣ ਵਿਭਾਗ ਦੀ ਮਨਜ਼ੂਰੀ ਪਿੱਛੋਂ ਵਿਭਾਗ ਦੇ ਰਿਟੈਂਸ਼ਨ ਮਨੀ ਨਾਲ ਅੱਠ ਕਰੋੜ ਰੁਪਏ 'ਤੇ ਠੇਕੇਦਾਰ ਵੱਲੋਂ ਐਕਸਿਸ ਬੈਂਕ ਮੁੰਬਈ ਕੋਲੋਂ ਬੈਂਕ ਗਾਰੰਟੀ ਕਾਰਜਕਾਰੀ ਇੰਜੀਨੀਅਰ ਲੁਧਿਆਣਾ ਨੇ ਜਮ੍ਹਾ ਕਰਵਾਈ ਸੀ। ਇਸ ਦੀ ਮਿਆਦ 13 ਮਾਰਚ 2015 ਸੀ, ਜਿਸ ਨੂੰ ਬਾਅਦ ਵਿੱਚ ਠੇਕੇਦਾਰ ਨੇ 12 ਮਾਰਚ 2016 ਤੱਕ ਵਧਾ ਦਿੱਤਾ। ਫਿਰ ਠੇਕੇਦਾਰ ਕੰਪਨੀ ਨੇ 21 ਕਰੋੜ ਰੁਪਏ ਦੀ 14 ਬੈਂਕ ਗਾਰੰਟੀ ਦੀ ਮਿਆਦ ਵਧਾ ਕੇ 18 ਜੂਨ 2017 ਤੱਕ ਕੀਤੇ ਜਾਣ ਦੇ ਜਾਅਲੀ ਦਸਤਾਵੇਜ਼ ਬਣਾ ਕੇ ਲੋਕ ਨਿਰਮਾਣ ਵਿਭਾਗ ਲੁਧਿਆਣਾ ਦੇ ਦਫਤਰ ਜਮ੍ਹਾ ਕਰਵਾਏ ਸਨ। ਵਿਭਾਗ ਦੇ ਅਫਸਰਾਂ ਨੇ ਠੇਕੇਦਾਰ ਕੰਪਨੀ ਨਾਲ ਮਿਲੀਭੁਗਤ ਕਰ ਕੇ 21 ਕਰੋੜ ਰੁਪਏ ਦੀ ਬੈਂਕ ਗਾਰੰਟੀ ਦੇ ਜਾਅਲੀ ਦਸਤਾਵੇਜ਼ ਬਣਾ ਕੇ ਵਿਭਾਗ ਤੇ ਪੰਜਾਬ ਸਰਕਾਰ ਨਾਲ ਧੋਖਾ ਕੀਤਾ ਹੈ।

## 1986 ਦਾ ਨਕੋਦਰ ਗੋਲੀ ਕਾਂਡ: ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਗ੍ਰਹਿ ਵਿਭਾਗ ਨੂੰ ਕੇਸ ਦੀ ਜਾਂਚ ਲਈ ਹੁਕਮ ਦਿੱਤੇ

ਚੰਡੀਗੜ੍ਹ, 4 ਜੂਨ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰਦੇ ਸਿੱਖਾਂ 'ਤੇ 1986 ਵਿੱਚ ਪੁਲਸ ਵੱਲੋਂ ਨਕੋਦਰ ਵਿੱਚ ਗੋਲੀ ਚਲਾਏ ਜਾਣ ਬਾਰੇ ਬਣੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਅਧੂਰੀ ਰਹਿ ਗਈ ਹੋਣ ਬਾਰੇ ਗ੍ਰਹਿ ਵਿਭਾਗ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਡੀਸ਼ਨਲ ਚੀਫ ਸੈਕਟਰੀ (ਹੋਮ) ਨੂੰ ਇਸ ਦੀ ਬਣਦੀ ਜਾਂਚ ਸ਼ੁਰੂ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਹ ਕਾਰਵਾਈ ਰਾਜ ਸਭਾ ਮੈਂਬਰ ਤੇ ਬਾਗੀ ਹੋਏ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਭੇਜੇ ਮੰਗ ਪੱਤਰ ਉੱਤੇ ਕੀਤੀ ਹੈ। ਸੁਖਦੇਵ ਸਿੰਘ ਢੀਂਡਸਾ ਨੇ 20 ਮਾਰਚ ਨੂੰ ਇਸ ਬਾਰੇ ਮੁੱਖ ਮੰਤਰੀ ਨੂੰ ਇੱਕ ਪੱਤਰ ਲਿਖਿਆ ਸੀ। ਮੁੱਖ ਮੰਤਰੀ ਦਫਤਰ ਨੇ 16 ਮਈ ਨੂੰ ਢੀਂਡਸਾ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਸਖਤਾਂ ਹੇਠ ਭੇਜੇ ਜਵਾਬੀ ਪੱਤਰ ਵਿੱਚ ਦੱਸਿਆ ਕਿ ਮੁੱਖ ਮੰਤਰੀ ਨੇ ਇਸ ਕੇਸ ਨੂੰ ਘੋਖਣ ਲਈ ਕਹਿ ਦਿੱਤਾ ਹੈ। ਸੁਖਦੇਵ ਸਿੰਘ ਢੀਂਡਸਾ ਨੇ ਇਸ ਕੇਸ ਨੂੰ ਗੰਭੀਰਤਾ ਨਾਲ ਘੋਖਣ ਦੀ ਮੰਗ ਕਰਦਿਆਂ ਕਿਹਾ ਸੀ ਕਿ ਪੰਜਾਬ ਵਿਧਾਨ ਸਭਾ ਵਿੱਚ ਇੱਕ ਮੌਜੂਦਾ ਵਿਧਾਇਕ ਦੇ ਸਵਾਲ ਦੇ ਜਵਾਬ ਵਿੱਚ 13 ਫਰਵਰੀ 2019 ਨੂੰ ਖੁਦ ਸਪੀਕਰ ਨੇ ਦੱਸਿਆ ਸੀ ਕਿ ਰਿਪੋਰਟ 15 ਮਾਰਚ 2001 ਨੂੰ ਇਸ ਸਦਨ ਵਿੱਚ ਟੇਬਲ ਕੀਤੀ ਜਾਂਦੀ ਹੈ ਤੇ ਇਹ ਲਾਇਬਰੇਰੀ ਦਾ ਹਿੱਸਾ ਹੈ। ਢੀਂਡਸਾ ਨੇ ਕਿਹਾ ਕਿ ਇਸ ਦੇ ਬਾਅਦ ਉਨ੍ਹਾਂ ਨੇ ਲਾਇਬਰੇਰੀ ਵਿੱਚ ਜਾ ਕੇ ਵੇਖਿਆ ਤਾਂ ਇਸ ਜਾਂਚ ਕਮਿਸ਼ਨ ਦੀ ਰਿਪੋਰਟ ਲਾਇਬਰੇਰੀ ਦੇ ਰਿਕਾਰਡ ਵਿੱਚ ਮੌਜੂਦ ਜ਼ਰੂਰ ਸੀ, ਪਰ ਉਸ ਦਾ ਪਹਿਲਾ ਹਿੱਸਾ ਛੱਡ ਕੇ ਬਾਕੀ ਭਾਗ ਨਹੀਂ ਸੀ, ਜਿਸ ਵਿੱਚ ਸ਼ਾਇਦ ਕਮਿਸ਼ਨ ਦੀਆਂ ਲੱਭਤਾਂ (ਫਾਈਂਡਿੰਗਜ਼) ਅਤੇ ਦੋਸ਼ੀਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੋਵੇਗੀ। ਢੀਂਡਸਾ ਨੇ ਮੁੱਖ ਮੰਤਰੀ ਕੋਲ ਸਮੁੱਚਾ ਮਾਮਲਾ ਉਠਾਇਆ ਕਿ ਕਾਰਵਾਈ ਕਿਉਂ ਨਹੀਂ ਹੋਈ ਅਤੇ ਜਾਂਚ ਰਿਪੋਰਟ ਮੁਕੰਮਲ ਰੂਪ ਵਿੱਚ ਕਿੱਥੇ ਹੈ। ਉਨ੍ਹਾ ਇਹ ਵੀ ਮੰਗ ਰੱਖੀ ਕਿ ਸੰਪੂਰਨ ਰਿਪੋਰਟ ਨਾ ਮਿਲੇ ਤਾਂ ਇਸ ਦੀ ਮੁੜ ਜਾਂਚ ਕਰਵਾਈ ਜਾਵੇ।



ਵਰਨਣ ਯੋਗ ਹੈ ਕਿ ਪਿਛਲੇ ਸਾਲ ਜੁਲਾਈ ਵਿੱਚ ਹਾਈ ਕੋਰਟ ਨੇ ਵੀ ਪੰਜਾਬ ਸਰਕਾਰ, ਗ੍ਰਹਿ ਵਿਭਾਗ, ਸਾਬਕਾ ਪ੍ਰਿੰਸੀਪਲ ਸੈਕਟਰੀ ਦਰਬਾਰਾ ਸਿੰਘ ਗੁਰੂ, ਸਾਬਕਾ ਡੀ ਜੀ ਪੀ ਮੁਹੰਮਦ ਇਜ਼ਹਾਰ ਆਲਮ ਦੇ ਨਾਲ ਇੱਕ ਸਾਬਕਾ ਐੱਸ ਪੀ ਹੈੱਡਕੁਆਰਟਰ ਜਲੰਧਰ ਏ ਕੇ ਸ਼ਰਮਾ ਨੂੰ ਨੋਟਿਸ ਜਾਰੀ ਕੀਤੇ ਸਨ। ਇਸ ਬਾਰੇ ਅਗਲੀ ਸੁਣਵਾਈ 20 ਜੁਲਾਈ ਨੂੰ ਹੋਵੇਗੀ। ਇਸ ਪਟੀਸ਼ਨ ਵਿੱਚ ਅਕਾਲੀ ਦਲ ਦੇ ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਅਤੇ ਪੰਜਾਬ ਸਰਕਾਰ ਦੇ ਸਾਬਕਾ ਪ੍ਰਿੰਸੀਪਲ ਸੈਕਕਟਰੀ ਦਰਬਾਰਾ ਸਿੰਘ ਗੁਰੂ (ਗੋਲੀ ਕਾਂਡ ਵੇਲੇ ਜ਼ਿਲਾ ਜਲੰਧਰ ਦੇ ਡਿਪਟੀ ਕਮਿਸ਼ਨਰ), ਉਸ ਵੇਲੇ ਦੇ ਐਸ ਐਸ ਪੀ ਮੁਹੰਮਦ ਇਜਹਾਰ ਆਲਮ ਅਤੇ ਸਾਬਕਾ ਐਸ ਪੀ ਹੈਡਕੁਆਰਟਰ ਐਸ ਕੇ ਸ਼ਰਮਾ ਦੇ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ ਹੈ। ਗੋਲੀ ਕਾਂਡ ਵਿੱਚ ਮਾਰੇ ਗਏ ਚਾਰ ਨੌਜਵਾਨਾਂ 'ਚੋਂ ਇੱਕ ਰਵਿੰਦਰ ਸਿੰਘ ਲਿੱਤਰਾ ਦੇ ਪਿਤਾ ਬਲਦੇਵ ਸਿੰਘ ਨੇ ਐਡਵੋਕੇਟ ਹਰੀ ਚੰਦ ਅਰੋੜਾ ਰਾਹੀਂ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵੱਲੋਂ ਨਕੋਦਰ ਗੋਲੀ ਕਾਂਡ ਦੀ ਜਾਂਚ ਲਈ ਬਣਾਏ ਸੇਵਾ ਮੁਕਤ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਕਾਰਵਾਈ ਕੀਤੀ ਜਾਵੇ। ਦੋ ਫਰਵਰੀ 1986 ਨੂੰ ਨਕੋਦਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸੜ ਗਏ ਸਨ। ਇਸ ਘਟਨਾ ਵਿਰੁੱਧ ਚਾਰ ਫਰਵਰੀ 1986 ਨੂੰ ਰੋਸ ਪ੍ਰਗਟਾਉਂਦੇ ਸਿੱਖਾਂ ਉਪਰ ਪੰਜਾਬ ਪੁਲਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ।

## ਬਾਜਵਾ ਨੇ ਮੁੱਖ ਮੰਤਰੀ ਨੂੰ ਖੁੱਲ੍ਹੀ ਚਿੱਠੀ ਵਿੱਚ ਗੰਨੇ ਦੇ ਬਕਾਏ ਨਾ ਮਿਲਣ ਦਾ ਮੁੱਦਾ ਚੁੱਕਿਆ

ਚੰਡੀਗੜ੍ਹ, 4 ਜੂਨ (ਪੋਸਟ ਬਿਊਰੋ)- ਗੰਨਾ ਕਿਸਾਨਾਂ ਦੇ ਦੋ ਸਾਲਾਂ ਤੋਂ ਗੰਨਾ ਮਿੱਲਾਂ ਵੱਲ ਖੜ੍ਹੇ ਬਕਾਏ ਬਾਰੇ ਰਾਜ ਸਭਾ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਤਿੰਨ ਕਾਂਗਰਸੀ ਵਿਧਾਇਕਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਾਂਝੀ ਚਿੱਠੀ ਲਿਖੀ ਹੈ।

ਪ੍ਰਤਾਪ ਸਿੰਘ ਬਾਜਵਾ ਨੇ ਕੱਲ੍ਹ ਇੱਕ ਵੀਡੀਓ ਸ਼ੇਅਰ ਕਰਕੇ ਇਸ ਮਾਮਲੇ ਨੂੰ ਜਨਤਕ ਕੀਤਾ ਹੈ ਜਿਸ 'ਚ ਕੈਪਟਨ ਅਮਰਿੰਦਰ ਸਿੰਘ ਨੂੰ ਚੋਭਾਂ ਲਾਈਆਂ ਗਈਆਂ ਹਨ। ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ, ਕਾਂਗਰਸ ਦੇ ਵਿਧਾਇਕਾਂ ਫਤਹਿਜੰਗ ਸਿੰਘ, ਬਲਵਿੰਦਰ ਸਿੰਘ ਲਾਡੀ ਅਤੇ ਜੋਗਿੰਦਰਪਾਲ ਨੇ ਮੁੱਖ ਮੰਤਰੀ ਨੂੰ ਗੰਨਾ ਕਿਸਾਨਾਂ ਦੀ ਬਕਾਇਆ ਰਾਸ਼ੀ ਜਾਰੀ ਕਰਾਉਣ ਬਾਰੇ ਇਹ ਸਾਂਝੀ ਚਿੱਠੀ ਲਿਖੀ ਹੈ। ਉਨ੍ਹਾਂ ਲਿਖਿਆ ਹੈ ਕਿ ਪੰਜਾਬ ਦੇ ਕਰੀਬ 70 ਹਜ਼ਾਰ ਗੰਨਾ ਕਿਸਾਨਾਂ ਦੇ ਪਰਵਾਰਾਂ ਦੇ 2018-19 ਅਤੇ 2019-20 ਦੇ ਕੁੱਲ੍ਹ 681.48 ਕਰੋੜ ਰੁਪਏ ਦੇ ਬਕਾਏ ਗੰਨਾ ਮਿੱਲਾਂ ਵੱਲ ਖੜ੍ਹੇ ਹਨ ਜਿਨ੍ਹਾਂ 'ਚੋਂ 298.48 ਕਰੋੜ ਰੁਪਏ ਇਕੱਲੇ ਕੋਆਪਰੇਟਿਵ ਮਿੱਲਾਂ ਵੱਲ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਪੁੱਛਿਆ ਕਿ 'ਕਿਸਾਨਾਂ ਨੇ ਤੁਹਾਡੇ ਹੁਕਮ ਮੰਨਦੇ ਹੋਏ ਖੇਤੀ ਵਿਭਿੰਨਤਾ ਦਾ ਰਾਹ ਚੁਣਿਆ। ਅੱਜ ਉਹ ਆਪਣਾ ਹੱਕ ਮੰਗ ਰਹੇ ਹਨ, ਨਿਯਮਾਂ ਦੇ ਮੁਤਾਬਿਕ ਗੰਨਾ ਮਿੱਲਾਂ ਨੇ 14 ਦਿਨਾਂ ਅੰਦਰ ਅਦਾਇਗੀ ਕਰਨੀ ਹੁੰਦੀ ਹੈ।'' ਬਾਜਵਾ ਨੇ ਕਿਹਾ ਕਿ ਏ ਬੀ ਸ਼ੂਗਰ ਦਸੂਹਾ ਅਤੇ ਅਮਲੋਹ ਸ਼ੂਗਰ ਮਿੱਲਾਂ ਨੇ ਦੋਵਾਂ ਸੀਜ਼ਨਾਂ ਦੀ ਅਦਾਇਗੀ ਕਰ ਦਿੱਤੀ ਹੈ ਤਾਂ ਦੂਸਰੀਆਂ ਮਿੱਲਾਂ ਕਿਉਂ ਪਿੱਛੇ ਹਨ।



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866

31 Melanie Dr. Unit #4 Brampton, ON L6T 5H8







$369,900 — FOR SALE
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।

$120,000 — FOR SALE
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE



ਅਮਨ ਟਰੈਵਲ
Gaurav Gupta
905.796.3535

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ



TICO # 50022741

or Visit us at:
218 Kingknoll Dr., Brampton, ON L6Y 4X4



ਗੈਸ ਲੀਕੇਜ ਕਾਂਡ

## ਮੌਤਾਂ ਅਤੇ ਸਿਹਤ ਨੂੰ ਖਤਰੇ ਲਈ ਐਲ ਜੀ ਪੌਲੀਮਰਜ਼ ਜਵਾਬਦੇਹ: ਐਨ ਜੀ ਟੀ




ਨਵੀਂ ਦਿੱਲੀ, 4 ਜੂਨ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਕਿਹਾ ਹੈ ਕਿ ਵਿਸ਼ਾਖਾਪਟਨਮ ਵਿੱਚ ਦੱਖਣੀ ਕੋਰੀਆਈ ਕੰਪਨੀ 'ਐਲ ਜੀ ਪੌਲੀਮਰਜ਼ ਇੰਡੀਆ' ਦੇ ਪਲਾਂਟ 'ਚ ਗੈਸ ਲੀਕੇਜ ਕਾਰਨ ਲੋਕਾਂ ਦੀ ਮੌਤ ਹੋਣ ਅਤੇ ਸਿਹਤ ਦਾ ਖਤਰਾ ਪੈਦਾ ਹੋਣ ਲਈ ਕੰਪਨੀ ਪੂਰੀ ਤਰ੍ਹਾਂ ਜਵਾਬਦੇਹ ਹੈ। ਉਸ ਨੇ ਆਦੇਸ਼ ਦਿੱਤਾ ਕਿ 50 ਕਰੋੜ ਰੁਪਏ ਅੰਤਰਿਮ ਜੁਰਮਾਨਾ ਪੀੜਤਾਂ ਦੇ ਮੁਆਵਜ਼ੇ ਤੇ ਵਾਤਾਵਰਣ ਦੇ ਨੁਕਸਾਨ ਨੂੰ ਘੱਟ ਕਰਣ ਲਈ ਕੀਤਾ ਜਾਵੇਗਾ।

ਟ੍ਰਿਬਿਊਨਲ ਨੇ ਹੁਕਮ ਦਿੱਤਾ ਕਿ ਵਾਤਾਵਰਣ ਮੰਤਰਾਲਾ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦਾ ਇੱਕ-ਇੱਕ ਨੁਮਾਇੰਦਾ ਅਤੇ ਆਂਧਰਾ ਪ੍ਰਦੇਸ਼ ਸਰਕਾਰ ਦੇ ਤਿੰਨ ਪ੍ਰਤੀਨਿਧਾਂ ਦੀ ਇੱਕ ਕਮੇਟੀ ਵਾਤਾਵਰਣ ਦੇ ਨੁਕਸਾਨ ਦਾ ਅੰਦਾਜ਼ਾ ਲਾਵੇਗੀ। ਐਨ ਜੀ ਟੀ ਨੇ ਕੰਪਨੀ ਦੀ ਇਹ ਪਟੀਸ਼ਨ ਵੀ ਰੱਦ ਕਰ ਦਿੱਤੀ, ਜਿਸ ਵਿੱਚ ਉਸ ਨੇ 50 ਕਰੋੜ ਰੁਪਏ ਦੇ ਅੰਤਰਿਮ ਜੁਰਮਾਨੇ ਬਾਰੇ 8 ਮਈ ਦੇ ਟ੍ਰਿਬਿਊਨਲ ਦੇ ਆਦੇਸ਼ ਦੀ ਮੁੜ ਵਿਚਾਰ ਦੀ ਬੇਨਤੀ ਕੀਤੀ ਸੀ। ਐਨ ਜੀ ਟੀ ਨੇ ਕਿਹਾ ਕਿ ਇਸ ਮਾਮਲੇ ਦਾ ਖੁਦ-ਨੋਟਿਸ ਲੈਣਾ ਜਾਇਜ਼ ਹੈ।

ਐਨ ਜੀ ਟੀ ਪ੍ਰਧਾਨ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਮੁਆਵਜ਼ੇ ਸਬੰਧੀ ਅੰਤਮ ਗਿਣਤੀ ਵਾਤਾਵਰਣ ਮੰਤਰਾਲਾ, ਸੀ ਪੀ ਸੀ ਬੀ ਅਤੇ ਕੌਮੀ ਵਾਤਾਵਰਣ ਇੰਜੀਨੀਅਰਿੰਗ ਰਿਸਰਚ ਇੰਸਟੀਚਿਊਟ ਦੇ ਪ੍ਰਤੀਨਿਧਾਂ ਦੀ ਕਮੇਟੀ ਕਰੇਗੀ। ਜਸਟਿਸ ਸ਼ਿਵ ਕੁਮਾਰ ਸਿੰਘ ਵੀ ਇਸ ਬੈਂਚ 'ਚ ਸ਼ਾਮਲ ਸਨ। ਬੈਂਚ ਨੇ ਆਦੇਸ਼ ਦਿੱਤਾ ਕਿ ਜੰਗਲਾਤ ਅਤੇ ਵਾਤਾਵਰਣ ਮੰਤਰਾਲਾ ਦੇ ਸਕੱਤਰ 2 ਹਫ਼ਤੇ 'ਚ ਅਜਿਹੀ ਕਮੇਟੀ ਦਾ ਗਠਨ ਯਕੀਨੀ ਕਰਣਗੇ ਅਤੇ ਇਸ ਤੋਂ ਬਾਅਦ ਕਮੇਟੀ 2 ਮਹੀਨੇ 'ਚ ਆਪਣੀ ਰਿਪੋਰਟ ਪੇਸ਼ ਕਰੇਗੀ।

## ਜੈਸ਼ੇ ਮੁਹੰਮਦ ਦੇ ਆਈ ਈ ਡੀ ਮਾਹਿਰ 'ਫ਼ੌਜੀ ਭਾਈ' ਸਮੇਤ ਤਿੰਨ ਅੱਤਵਾਦੀ ਹਲਾਕ



ਸ੍ਰੀਨਗਰ, 4 ਜੂਨ (ਪੋਸਟ ਬਿਊਰੋ)- ਦੱਖਣੀ ਕਸ਼ਮੀਰ ਦੇ ਜ਼ਿਲ੍ਹਾ ਪੁਲਵਾਮਾ ਦੇ ਇਲਾਕੇ 'ਚ ਫ਼ੌਜ ਨੇ ਮੁਕਾਬਲੇ ਦੌਰਾਨ ਜੈਸ਼-ਏ-ਮੁਹੰਮਦ ਦੇ ਪਾਕਿ-ਸਤਾਨ 'ਚ ਬੈਠੇ ਸਰਗਣਾ ਮਸੂਦ ਅਜ਼ਹਰ ਦੇ ਨਜ਼ਦੀਕੀ ਰਿਸ਼ਤੇਦਾਰ ਤੇ ਆਈ ਈ ਡੀ ਮਾਹਰ ਅਬਦੁਲ ਰਹਿਮਾਨ ਉਰਫ਼ 'ਫੌਜੀ ਭਾਈ' ਸਮੇਤ ਤਿੰਨ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਮੁਕਾਬਲਾ ਸ਼ੁਰੂ ਹੋਣ ਦੇ ਨਾਲ ਹੀ ਪ੍ਰਦਰਸ਼ਨ ਕਰਦੇ ਲੋਕਾਂ ਨੇ ਆਪ੍ਰੇਸ਼ਨ 'ਚ ਵਿਘਨ ਪਾਉਣ ਲਈ ਮੁਕਾਬਲੇ ਵਾਲੀ ਥਾਂ ਵੱਲ ਮਾਰਚ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਭਾਰੀ ਪਥਰਾਅ ਕੀਤਾ। ਪੁਲਸ ਨੇ ਇਨ੍ਹਾਂ ਨੂੰ ਰੋਕਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਤੇ ਮੁਕਾਬਲੇ ਵਾਲੀ ਥਾਂ ਤੋਂ ਦੂਰ ਰੱਖਣ ਲਈ ਕਾਰਵਾਈ ਕੀਤੀ, ਜਿਸ 'ਚ ਦਰਜਨ ਦੇ ਕਰੀਬ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ। ਇਸ ਇਲਾਕੇ 'ਚ ਬੀਤੇ ਦਿਨ ਤੋਂ ਅਫ਼ਵਾਹਾਂ 'ਤੇ ਰੋਕ ਲਾਉਣ ਲਈ ਪੁਲਵਾਮਾ 'ਚ ਇੰਟਰਨੈਟ ਸੇਵਾ ਦੂਜੇ ਦਿਨ ਲਗਾਤਾਰ ਸਸਪੈਂਡ ਰਹੀ। ਕਸ਼ਮੀਰ ਰੇਂਜ ਦੇ ਆਈ ਜੀ, ਐਸ ਪੀ ਪਾਨੀ ਅਨੁਸਾਰ ਕੱਲ੍ਹ ਦੇਰ ਰਾਤ 55 ਆਰ ਆਰ, ਪੁਲਸ ਦੇ ਸਪੈਸ਼ਲ ਆਪ੍ਰੇਸ਼ਨ ਗਰੁੱਪ (ਐਸ ਓ ਜੀ) ਅਤੇ ਸੀ ਆਰ ਪੀ ਐਫ ਦੀ 182 ਬਟਾਲੀਅਨ ਨੇ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਸੰਗਠਨ ਦੇ ਪਾਕਿਸਤਾਨੀ ਅੱਤਵਾਦੀ ਸਮੇਤ ਤਿੰਨ ਸਥਾਨਕ ਅੱਤਵਾਦੀਆਂ ਦੇ ਜ਼ਿਲ੍ਹਾ ਪੁਲਵਾਮਾ ਦੇ ਕੰਗਨ ਇਲਾਕੇ 'ਚ ਮੌਜੂਦ ਹੋਣ ਦੀ ਸੂਚਨਾ 'ਤੇ ਘੇਰਾਬੰਦੀ ਕਰ ਕੇ ਤਲਾਸ਼ੀ ਮੁਹਿੰਮ ਛੇੜੀ ਸੀ। ਇੱਕ ਮਕਾਨ ਵਿੱਚ ਲੁਕੇ ਹੋਏ ਅੱਤਵਾਦੀਆਂ ਨੇ ਫ਼ੌਜ ਨੂੰ ਆਪਣੇ ਵੱਲ ਵਧਦਾ ਦੇਖ ਕੇ ਗੋਲਾਬਾਰੀ ਕਰ ਦਿੱਤੀ। ਫ਼ੌਜ ਨੇ ਉਹ ਮਕਾਨ ਸੀਲ ਕਰਕੇ, ਜਿੱਥੋਂ ਅੱਤਵਾਦੀ ਗੋਲਾਬਾਰੀ ਕਰ ਰਹੇ ਸਨ, ਮੁਕਾਬਲੇ 'ਚ ਉਲਝਾ ਦਿੱਤਾ ਅਤੇ ਕਈ ਘੰਟੇ ਚੱਲੀ ਕਾਰਵਾਈ ਦੌਰਾਨ ਮਕਾਨ ਉਡਾ ਦਿੱਤਾ। ਫ਼ੌਜੀ ਬੁਲਾਰੇ ਕਰਨਲ ਰਾਜੇਸ਼ ਕਾਲੀਆ ਨੇ ਦੱਸਿਆ ਕਿ ਇਸ ਮੌਕੇ ਸੁਰੱਖਿਆ ਬਲਾਂ ਜਾਂ ਕਿਸੇ ਨਾਗਰਿਕ ਨੂੰ ਕੋਈ ਨੁਕਸਾਨ ਨਹੀਂ ਹੋਇਆ। ਪੁਲਸ ਨੇ ਮਕਾਨ ਦੇ ਮਲਬੇ ਹੇਠੋਂ ਤਲਾਸ਼ੀ ਦੌਰਾਨ ਤਿੰਨ ਅੱਤਵਾਦੀਆਂ ਦੀਆਂ ਲਾਸ਼ਾਂ ਸਮੇਤ ਭਾਰੀ ਮਾਤਰਾ 'ਚ ਅਸਲ੍ਹਾ ਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ। ਮੁਕਾਬਲੇ ਦੌਰਾਨ ਮਾਰੇ ਗਏ ਅੱਤਵਾਦੀਆਂ ਦੀ ਪਛਾਣ ਮੁਲਤਾਨ ਪਾਕਿਸਤਾਨ ਦੇ ਅਬਦੁਲ ਰਹਿਮਾਨ ਉਰਫ਼ 'ਫ਼ੌਜੀ ਭਾਈ' ਉਰਫ਼ ਇਸਮਾਈਲ, ਜ਼ਾਹਿਦ ਮਨਜ਼ੂਰ ਵਾਸੀ ਕਰੀਮਾਬਾਦ ਕਾਕਾਪੋਰਾ ਪੁਲਵਾਮਾ ਅਤੇ ਮਨਜ਼ੂਰ ਅਹਿਮਦ ਕਾਰ ਵਾਸੀ ਸਰੀਓਨ ਸ਼ੋਪੀਆ ਵਜੋਂ ਕੀਤੀ ਗਈ ਹੈ।

## ਗਰਭਵਤੀ ਹਥਣੀ ਦੀ ਮੌਤ ਉਤੇ ਦੇਸ਼ ਵਿੱਚ ਰੋਸ ਦੀ ਲਹਿਰ

* ਪਟਾਕਿਆਂ ਦਾ ਭਰਿਆ ਅਨਾਨਾਸ ਖੁਆਉਣ ਹੋਈ ਸੀ ਮੌਤ

ਤਿਰੁਵਨੰਤਪੁਰਮ, 4 ਜੂਨ (ਪੋਸਟ ਬਿਊਰੋ)- ਗੈਰ ਮਨੁੱਖੀ ਕਾਰੇ ਨਾਲ ਗਰਭਵਤੀ ਹਥਣੀ ਦੀ ਮੌਤ ਦੇ ਕੇਸ ਵਿੱਚ ਕੇਰਲ ਸਰਕਾਰ ਨੇ ਜਾਂਚ ਦੇ ਹੁਕਮ ਦੇ ਦਿੱਤੇ ਅਤੇ ਕਿਹਾ ਕਿ ਜੰਗਲੀ ਜੀਵ ਅਪਰਾਧ ਜਾਂਚ ਦਲ ਇਸ ਮਾਮਲੇ ਵਿੱਚ ਜਾਂਚ ਕਰੇਗਾ। ਕੇਰਲ 'ਚ ਹੋਈ ਇਸ ਘਟਨਾ 'ਤੇ ਕੇਂਦਰ ਸਰਕਾਰ ਨੇ ਵੀ ਸੂਬੇ ਤੋਂ ਰਿਪੋਰਟ ਤਲਬ ਕੀਤੀ ਹੈ।

ਪਿਛਲੇ ਹਫਤੇ ਸਾਈਲੈਂਟ ਵੈਲੀ ਫਾਰੈਸਟ ਦੀ ਇੱਕ ਗਰਭਵਤੀ ਹਥਣੀ ਨੂੰ ਗੈਰ ਮਨੁੱਖੀ ਬਿਰਤੀ ਦੇ ਕੁਝ ਲੋਕਾਂ ਨੇ ਪਟਾਕਿਆਂ ਨਾਲ ਭਰਿਆ ਅਨਾਨਾਸ ਖੁਆ ਦਿੱਤਾ, ਜਿਹੜਾ ਹਥਨੀ ਦੇ ਮੂੰਹ 'ਚ ਫਟ ਗਿਆ। ਇਸ ਨਾਲ ਉਸ ਦਾ ਜਬਾੜਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਕੁਝ ਵੀ ਖਾਣ-ਪੀਣ 'ਚ ਅਸਮਰਥ ਹਥਣੀ ਮੱਲਪੁਰਮ ਜ਼ਿਲੇ 'ਚ ਵੇਲਾਰ ਨਦੀ ਵਿੱਚ ਚਲੀ ਗਈ। ਜੰਗਲਾਤ ਅਧਿਕਾਰੀਆਂ ਨੇ ਉਸ ਨੂੰ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਾ ਹੋ ਸਕੇ। 27 ਮਈ ਨੂੰ ਹਥਣੀ ਦੀ ਮੌਤ ਹੋ ਗਈ। ਪੋਸਟਮਾਰਟਮ 'ਚ ਪਤਾ ਲੱਗਾ ਕਿ ਹਥਣੀ ਗਰਭਵਤੀ ਸੀ। ਇਸ ਘਟਨਾ ਦੇ ਸਾਹਮਣੇ ਆਉਂਦੇ ਸਾਰ ਲੋਕਾਂ 'ਚ ਰੋਹ ਫੈਲ ਗਿਆ। ਕੇਰਲ ਦੇ ਮੁੱਖ ਮੰਤਰੀ ਪੀ ਵਿਜਯਨ ਨੇ ਕਿਹਾ ਕਿ ਇਸ ਕੇਸ ਦੀ ਮੁੱਢਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੂੰ ਇਸ ਘਟਨਾ ਦੇ ਦੋਸ਼ੀ ਲੋਕਾਂ ਉੱਤੇ ਸਖਤ ਕਾਰਵਾਈ ਦਾ ਨਿਰਦੇਸ਼ ਦਿੱਤਾ ਗਿਆ ਹੈ।

ਕੇਰਲ 'ਚ ਇਸ ਤਰ੍ਹਾਂ ਦੀ ਇੱਕ ਹੋਰ ਘਟਨਾ ਪਤਾ ਲੱਗੀ ਹੈ। ਇਹ ਘਟਨਾ ਇੱਕ ਮਹੀਨਾ ਪਹਿਲਾਂ ਕੋਲਮ ਜ਼ਿਲੇ 'ਚ ਹੋਈ ਸੀ, ਜਿੱਥੇ ਇੱਕ ਹਥਣੀ ਦੀ ਵੀ ਮੂੰਹ 'ਚ ਸੱਟਾਂ ਕਾਰਨ ਮੌਤ ਹੋ ਗਈ ਸੀ।

ਭਾਜਪਾ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਵਾਇਨ-ਾਡ ਤੋਂ ਕਾਂਗਰਸ ਪਾਰਲੀਮੈਂਟ ਮੈਂਬਰ ਰਾਹੁਲ ਗਾਂਧੀ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਮੇਨਕਾ ਨੇ ਕਿਹਾ ਕਿ ਰਾਹੁਲ ਨੂੰ ਇਲਾਕੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਚਾਹੀਦਾ ਹੈ। ਫਿਲਮੀ ਸਿਤਾਰਿਆਂ ਅਕਸ਼ੈ ਕੁਮਾਰ, ਸੁਨੀਲ ਸ਼ੈਟੀ, ਜੌਨ ਅਬਰਾਹਮ, ਅਨੁਸ਼ਕਾ ਸ਼ਰਮਾ, ਅਨੰਨਿਆ ਪਾਂਡੇ, ਸ਼ਰਧਾ ਕਪੂਰ, ਦੀਆ ਮਿਰਜ਼ਾ ਅਤੇ ਕ੍ਰਿਤੀ ਖਰਬੰਦਾ ਸਮੇਤ ਕਈ ਲੋਕਾਂ ਨੇ ਇਸ ਘਟਨਾ ਦੀ ਨਿੰਦਾ ਕੀਤੀ।

## ਕਵਾਰੰਟੀਨ ਸਮਾਂ ਪੂਰਾ ਕਰਨ ਵਾਲੇ ਨੂੰ ਘਰ ਭੇਜੋ: ਹਾਈ ਕੋਰਟ

ਪ੍ਰਆਗਰਾਜ, 4 ਜੂਨ (ਪੋਸਟ ਬਿਊਰੋ)- ਅਲਾਹਾਬਾਦ ਹਾਈ ਕੋਰਟ ਨੇ ਕਵਾਰੰਟੀਨ ਦਾ ਸਮਾਂ ਪੂਰਾ ਕਰ ਚੁੱਕੇ ਸਾਰੇ ਲੋਕਾਂ ਨੂੰ ਛੱਡਣ ਦਾ ਆਦੇਸ਼ ਦੇ ਕੇ ਇਹ ਵੀ ਕਿਹਾ ਹੈ, ਕਿ ਜਮਾਤ ਨਾਲ ਜੁੜੇ ਜੋ ਲੋਕ ਕਵਾਰੰਟੀਨ ਸੈਂਟਰ ਵਿੱਚ ਰਖੇ ਗਏ ਸਨ, ਉਨ੍ਹਾਂ ਨੂੰ ਵੀ ਛੱਡ ਦਿੱਤਾ ਜਾਵੇ। ਇਸ ਮਾਮਲੇ 'ਤੇ ਉਤਰ ਪ੍ਰਦੇਸ਼ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ ਇਸ ਵਕਤ ਰਾਜ ਦੇ ਕਿਸੇ ਵੀ ਕਵਾਰੰਟੀਨ ਸੈਂਟਰ ਵਿੱਚ ਕੋਈ ਵੀ ਤਬਲੀਗੀ ਜਮਾਤ ਦਾ ਵਿਅਕਤੀ ਨਹੀਂ ਹੈ। ਅਸਲ ਵਿੱਚ ਹਾਈ ਕੋਰਟ ਕੱਲ੍ਹ ਕਵਾਰੰਟੀਨ ਸੈਂਟਰਾਂ ਵਿੱਚ ਰੋਕੇ ਗਏ ਤਬਲੀਗੀ ਜਮਾਤ ਵਿੱਚ ਜੁੜੇ ਕੇਸ ਦੇ ਬਾਰੇ ਦਾਇਰ ਹੋਈ ਅਰਜ਼ੀ ਉੱਤੇ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਦੇ ਵਕੀਲ ਸ਼ਾਦ ਅਨਵਰ ਦੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਜਸਟਿਸ ਸ਼ਸ਼ਿਕਾਂਤ ਗੁਪਤਾ ਅਤੇ ਜਸਟਿਸ ਸੌਰਭ ਸ਼ਾਮ ਸ਼ਮਸ਼ੇਰੀ ਦੀ ਬੈਂਚ ਨੇ ਕੀਤੀ। ਇਸ ਮੌਕੇ ਕੋਰਟ ਨੇ ਕਿਹਾ ਕਿ ਜਿਨ ਲੋਕਾਂ ਦੀ ਕੋਵਿਡ ਰਿਪੋਰਟ ਨੈਗੇਟਿਵ ਆਈ ਹੈ ਅਤੇ ਜਿਨਾਂ ਦਾ ਕਵਾਰੰਟੀਨ ਸਮਾਂ ਪੂਰਾ ਹੋ ਚੁਕਾ ਹੈ ਉਨ੍ਹਾਂ ਸਾਰਿਆਂ ਲੋਕਾਂ ਨੂੰ ਘਰ ਜਾਣ ਦਿੱਤਾ ਜਾਵੇ।

ਇਸ ਦੌਰਾਨ ਕੋਰਟ ਨੇ ਇਹ ਵੀ ਕਿਹਾ ਕਿ ਸੰਵਿਧਾਨ ਦੀ ਧਾਰਾ 221 ਹੇਠ ਮਿਆਦ ਪੂਰੀ ਹੋਣ ਪਿੱਛੋਂ ਕਵਾਰੰਟੀਨ ਸੈਂਟਰ ਵਿੱਚ ਕਿਸੇ ਨੂੰ ਰੱਖਣਾ ਨਿੱਜੀ ਆਜ਼ਾਦੀ ਦੇ ਅਧਿਕਾਰ ਦਾ ਉਲੰਘਣ ਹੈ। ਇਹੀ ਨਹੀਂ ਕੋਰਟ ਨੇ ਕਿਹਾ ਕਿ ਸੰਵਿਧਾਨ ਦੇ ਸੁਰੱਖਿਆ ਦੇ ਰੂਪ ਵਿੱਚ ਗਲਤ ਹੋਣ 'ਤੇ ਕੋਰਟ ਨੂੰ ਅਜਿਹੇ ਕੇਸਾਂ ਵਿੱਚ ਦਖ਼ਲ ਦੇਣ ਦਾ ਅਧਿਕਾਰ ਹੈ। ਹਾਈ ਕੋਰਟ ਨੇ ਰਾਜ ਸਰਕਾਰ ਨੂੰ ਕਿਹਾ ਕਿ ਹਰ ਜ਼ਿਲ੍ਹੇ ਵਿੱਚ ਅਜਿਹੇ ਕੇਸਾਂ ਦੀ ਮਾਨਿਟਰਿੰਗ ਲਈ ਤਿੰਨ ਮੈਂਬਰ ਕਮੇਟੀ ਬਣਾਈ ਜਾਵੇ। ਇਹ ਕਮੇਟੀ ਕਵਾਰੰਟੀਨ ਦੀ ਮਿਆਦ ਪੂਰੀ ਕਰ ਚੁੱਕੇ ਸਾਰੇ ਲੋਕਾਂ ਨੂੰ ਘਰ ਭੇਜਣ ਦੇ ਪ੍ਰਬੰਧਾਂ ਦੀ ਮਾਨਿਟਰਿੰਗ ਕਰਨ ਦੇ ਨਾਲ ਇਨ੍ਹਾਂ ਸੈਂਟਰਾਂ ਵਿੱਚ ਬੇਹਤਰ ਸੁਵਿਧਾਵਾਂ ਦੇ ਪ੍ਰਬੰਧਾਂ ਨੂੰ ਵੀ ਦੇਖੇਗੀ। ਸੁਣਵਾਈ ਦੌਰਾਨ ਰਾਜ ਸਰਕਾਰ ਨੇ ਹਾਈ ਕੋਰਟ ਨੂੰ ਇੱਕ ਐਫੀਡੇਵਿਟ ਵੀ ਦਿੱਤਾ, ਜਿਸ ਵਿੱਚ ਤਬਲੀਗੀ ਜਮਾਤ ਨਾਲ ਜੁੜੇ ਲੋਕਾਂ ਦੇ ਅੰਕੜੇ ਸਨ। ਕਵਾਰੰਟੀਨ ਸੈਂਟਰਾਂ ਵਿੱਚ ਰੱਖੇ ਬਾਕੀ 2979 ਭਾਰਤੀਆਂ ਅਤੇ 46 ਵਿਦੇਸ਼ੀ ਜਮਾਤੀਆਂ ਨੂੰ ਕਵਾਰੰਟੀਨ ਦਾ ਸਮਾਂ ਪੂਰਾ ਹੋਣ ਦੇ ਬਾਅਦ ਛੱਡ ਦਿੱਤਾ ਗਿਆ ਸੀ।

## ਭਾਰਤ ਨੂੰ ਝਟਕਾ:ਮੂਡੀਜ਼ ਨੇ ਸਟੇਟ ਬੈਂਕ ਸਣੇ ਚਾਰ ਭਾਰਤੀ ਬੈਂਕਾਂ ਤੇ ਅੱਠ ਕੰਪਨੀਆਂ ਦੀ ਰੇਟਿੰਗ ਅਚਾਨਕ ਡੇਗੀ

ਨਵੀਂ ਦਿੱਲੀ, 4 ਜੂਨ, (ਪੋਸਟ ਬਿਊਰੋ)- ਅੰਤਰਰਾਸ਼ਟਰੀ ਰੇਟਿੰਗ ਏਜੰਸੀ ਮੂਡੀਜ਼ ਇਨਵੈਸਟਰ ਸਰਵਿਸਿਜ਼ ਵੱਲੋਂ ਭਾਰਤ ਦੀ ਜਨਤਕ ਪੱਧਰ ਦੀ ਰੇਟਿੰਗ ਘਟਾਏ ਜਾਣ ਦੇ ਇੱਕ ਦਿਨ ਬਾਅਦ ਮੂਡੀਜ਼ ਨੇ ਭਾਰਤ ਦੇ ਚਾਰ ਬੈਂਕਾਂ ਅਤੇ ਅੱਠ ਵੱਡੀਆਂ ਕੰਪਨੀਆਂ ਦੀ ਰੇਟਿੰਗ ਵੀ ਡੇਗ ਦਿੱਤੀ ਹੈ। ਇਨ੍ਹਾਂ ਵਿੱਚ ਸਟੇਟ ਬੈਂਕ ਆਫ ਇੰਡੀਆ, ਐੱਚ ਡੀ ਐੱਫ ਸੀ ਬੈਂਕ, ਐਗਜ਼ਿਮ ਬੈਂਕ ਅਤੇ ਇੰਡਸ ਬੈਂਕ ਸ਼ਾਮਲ ਹਨ। ਇਸ ਮੌਕੇ ਅੱਠ ਭਾਰਤੀ ਕੰਪਨੀਆਂ, ਜਿਨ੍ਹਾਂ ਵਿੱਚ ਆਈ ਟੀ ਕੰਪਨੀ ਟੀ ਸੀ ਐੱਸ, ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ ਸ਼ਾਮਲ ਹਨ, ਦੀ ਰੇਟਿੰਗ ਵੀ ਅਚਾਨਕ ਘਟਾ ਦਿੱਤੀ ਗਈ ਹੈ।

ਭਾਰਤ ਦੀ ਆਰਥਿਕਤਾ ਦੇ ਅਕਸ ਨੂੰ ਝਟਕਾ ਦੇਣ ਵਾਲੇ ਇਸ ਫੈਸਲੇ ਬਾਰੇ ਮੂਡੀਜ਼ ਨੇ ਕਿਹਾ ਹੈ ਕਿ ਕੋਵਿਡ-19 ਦੇ ਦਬਾਅ ਕਾਰਨ ਦੇਸ਼ ਦੀ ਆਰਥਿਕਤਾ ਵਿਚ ਗਿਰਾਵਟ ਆਈ ਤੇ ਦੇਸ਼ ਦੀ ਸਰਬ ਪੱਖੀ ਰੇਟਿੰਗ ਦੇ ਕਾਰਨ ਇਨ੍ਹਾਂ ਬੈਂਕਾਂ ਅਤੇ ਕੰਪਨੀਆਂ ਦੀ ਰੇਟਿੰਗ ਡਿੱਗੀ ਹੈ। ਮੂਡੀਜ਼ ਨੇ ਮੁਕੇਸ਼ ਅੰਬਾਨੀ ਦੀ ਕੰਪਨੀ ਰਿਲਾਇੰਸ ਇੰਡਸਟਰੀਜ਼ ਦੀ ਲੰਬੇ ਸਮੇਂ ਦੀ ਰੇਟਿੰਗ ਕਾਇਮ ਰੱਖੀ ਸੀ, ਪਰ ਅੱਜ ਇਸ ਕੰਪਨੀ ਦਾ ਦਰਜ਼ਾ ਸਥਿਰ (ਸਟੇਬਲ) ਤੋਂ ਬਦਲ ਕੇ ਨੈਗੇਟਿਵ ਕਰ ਦਿੱਤਾ ਹੈ, ਫਿਰ ਵੀ ਰਿਲਾਇੰਸ ਇੰਡਸਟਰੀਜ਼ ਦੀ ਬੀ ਏ ਏ-2 ਰੇਟਿੰਗ ਕਾਇਮ ਰੱਖੀ ਗਈ ਹੈ।

ਜਿਹੜੀਆਂ ਹੋਰ ਕੰਪਨੀਆਂ ਦੀ ਰੇਟਿੰਗ ਘਟਾਈ ਗਈ, ਉਨ੍ਹਾਂ ਵਿੱਚ ਹਿੰਦੁਸਤਾਨ ਪੈਟਰੋਲੀਅਮ ਲਿਮਟਿਡ, ਆਇਲ ਇੰਡੀਆ, ਭਾਰਤ ਪੈਟਰੋਲੀਅਮ ਤੇ ਪੈਟਰੋਨੇਟ ਐੱਲ ਐੱਨ ਜੀ ਸ਼ਾਮਲ ਹਨ। ਇਸ ਦੇ ਬਾਅਦ ਬੈਂਕ ਆਫ ਬੜੌਦਾ, ਕੈਨਰਾ ਬੈਂਕ ਅਤੇ ਯੂਨਾਈਟਿਡ ਬੈਂਕ ਬਾਰੇ ਵੀ ਮੂਡੀਜ਼ ਵੱਲੋਂ ਘੋਖ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੀ ਰੇਟਿੰਗ ਘਟਣ ਦੀ ਸੰਭਾਵਨਾ ਹੈ। ਪੰਜਾਬ ਨੈਸ਼ਨਲ ਬੈਂਕ, ਸੈਂਟਰਲ ਬੈਂਕ ਆਫ਼ ਇੰਡੀਆ ਅਤੇ ਇੰਡੀਅਨ ਓਵਰਸੀਜ਼ ਬੈਂਕ ਦੀ ਰੇਟਿੰਗ ਘੱਟ ਨਹੀਂ ਕੀਤੀ ਗਈ ਅਤੇ ਹਾਲ ਦੀ ਘੜੀ ਘਟਣ ਦਾ ਕੋਈ ਖਦਸ਼ਾ ਵੀ ਨਹੀਂ ਹੈ। ਮੂਡੀਜ਼ ਦਾ ਕਹਿਣ ਹੈ ਕਿ ਕੋਰੋਨਾ ਵਾਇਰਸ ਦੇ ਕਾਰਨ ਸਰਕਾਰੀ ਬੈਂਕਾਂ ਨੂੰ ਨੁਕਸਾਨ ਝੱਲਣਾ ਪਿਆ ਅਤੇ ਉਨ੍ਹਾਂ ਦੀ ਜਾਇਦਾਦ ਦੀ ਗੁਣਵੱਤਾ ਵਿਗੜ ਕੇ ਗਾਹਕਾਂ ਦਾ ਕਰਜ਼ਾ ਡਿਫਾਲਟ ਹੋਰ ਵਧਣ ਦਾ ਡਰ ਹੈ, ਪਰ ਪ੍ਰਾਈਵੇਟ ਬੈਂਕਾਂ ਦਾ ਪੂੰਜੀਕਰਨ ਸਰਕਾਰੀ ਖੇਤਰ ਦੇ ਬੈਂਕਾਂ ਤੋਂ ਚੰਗਾ ਹੈ ਅਤੇ ਉਹ ਕਰਜ਼ਾ ਡਿਫਾਲਟ ਦੇ ਘਾਟੇ ਨੂੰ ਉਨ੍ਹਾਂ ਤੋਂ ਬਿਹਤਰ ਢੰਗ ਨਾਲ ਸਹਾਰ ਸਕਦੇ ਹਨ। ਇਸ ਦੌਰਾਨ ਉਨ੍ਹਾਂ ਦੇ ਕਾਰੋਬਾਰ ਨੂੰ ਵੀ ਕਾਫੀ ਨੁਕਸਾਨ ਹੋਇਆ ਹੈ।

## ਮਨੋਜ ਤਿਵਾੜੀ ਤੋਂ ਦਿੱਲੀ ਭਾਜਪਾ ਦੀ ਪ੍ਰਧਾਨਗੀ ਖੋਹ ਕੇ ਆਦੇਸ਼ ਨੂੰ ਦਿੱਤੀ ਗਈ



ਨਵੀਂ ਦਿੱਲੀ, 4 ਜੂਨ (ਪੋਸਟ ਬਿਊਰੋ)- ਪਾਰਲੀਮੈਂਟ ਮੈਂਬਰ ਮਨੋਜ ਤਿਵਾੜੀ ਦੀ ਪ੍ਰਦੇਸ਼ ਭਾਜਪਾ ਪ੍ਰਧਾਨ ਦੇ ਅਹੁਦੇ ਤੋਂ ਛੁੱਟੀ ਹੋ ਗਈ ਤੇ ਉਸ ਦੀ ਜਗ੍ਹਾ ਉੱਤਰੀ ਦਿੱਲੀ ਨਗਰ ਨਿਗਮ ਦੇ ਸਾਬਕਾ ਮੇਅਰ ਆਦੇਸ਼ ਗੁਪਤਾ ਨੂੰ ਦਿੱਲੀ ਭਾਜਪਾ ਦਾ ਪ੍ਰਧਾਨ ਬਣਾਇਆ ਗਿਆ ਹੈ। ਪਿੱਛੋਂ ਉਤਰ ਪ੍ਰਦੇਸ਼ ਦੇ ਕਨੌਜ ਜ਼ਿਲੇ ਵਿਚਲੇ ਗੁਰੂ ਹਰਸਹ-ਾਏਗੰਜ ਦੇ ਰਹਿਣ ਵਾਲੇ ਆਦੇਸ਼ ਗੁਪਤਾ ਦੀ ਪੜ੍ਹਾਈ ਕਾਨਪੁਰ ਤੋਂ ਹੋਈ ਸੀ ਤੇ ਬਾਅਦ ਵਿੱਚ ਦਿੱਲੀ ਆਏ ਸਨ। ਛੱਤਰਪਤੀ ਸਾਹੂਜੀ ਮਹਾਰਾਜ ਯੂਨੀਵਰਸਿਟੀ, ਕਾਨਪੁਰ ਤੋਂ ਬੀ ਐੱਸ ਸੀ ਕਰਨ ਵਾਲੇ ਆਦੇਸ਼ ਗੁਪਤਾ ਨੇ 1986 ਵਿੱਚ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ ਸੀ ਵੀ ਪੀ) ਤੋਂ ਸਿਆਸੀ ਜੀਵਨ ਸ਼ੁਰੂ ਕੀਤਾ ਸੀ ਤੇ ਪਿੱਛੋਂ ਭਾਰਤੀ ਜਨਤਾ ਯੁਵਾ ਮੋਰਚਾ ਵਿੱਚ ਕਈ ਜ਼ਿੰਮੇਵਾਰੀਆਂ ਸੰਭਾਲ ਚੁੱਕੇ ਹਨ। ਦਿੱਲੀ ਵਿੱਚ ਮੰਡਲ ਪ੍ਰਧਾਨ ਤੋਂ ਲੈ ਕੇ ਉਨ੍ਹਾਂ ਨੇ ਪ੍ਰਦੇਸ਼ ਭਾਜਪਾ ਪ੍ਰਧਾਨ ਤੱਕ ਸਫਰ ਤੈਅ ਕੀਤਾ ਹੈ। 2017 ਵਿੱਚ ਪਹਿਲੀ ਵਾਰ ਨਗਰ ਨਿਗਮ ਦੀ ਚੋਣ ਜਿੱਤ ਕੇ ਉਹ ਕੌਂਸਲਰ ਬਣੇ ਸਨ ਤੇ 2018 ਵਿੱਚ ਉਨ੍ਹਾਂ ਨੂੰ ਉੱਤਰੀ ਦਿੱਲੀ ਨਗਰ ਨਿਗਮ ਦਾ ਮੇਅਰ ਬਣਾਇਆ ਗਿਆ ਸੀ। ਸਾਲ 2014 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਹਾਰ ਤੋਂ ਬਾਅਦ ਭਾਜਪਾ ਲੀਡਰਸ਼ਿਪ ਸਾਹਮਣੇ ਦਿੱਲੀ ਨਗਰ ਨਿਗਮ ਚੋਣਾਂ 'ਚ ਵਾਪਸੀ ਦੀ ਚੁਣੌਤੀ ਸੀ। ਇਸ ਮਕਸਦ ਲਈ ਪਾਰਟੀ ਦੀ ਨਜ਼ਰ ਉੱਤਰੀ-ਪੂਰਬੀ ਦਿੱਲੀ ਉਤੇ ਸੀ, ਜਿਸ ਦੇ ਲਈ ਪਹਿਲੀ ਵਾਰ ਦਿੱਲੀ ਭਾਜਪਾ ਦੀ ਕਮਾਨ ਕਿਸੇ ਪੂਰਬੀ ਰਾਜ ਨਾਲ ਜੁੜੇ ਨੇਤਾ ਨੂੰ ਸੌਂਪੀ ਗਈ। ਮਨੋਜ ਤਿਵਾੜੀ ਨੂੰ ਤੀਹ ਨਵੰਬਰ 2016 ਨੂੰ ਦਿੱਲੀ ਭਾਜਪਾ ਦਾ ਪ੍ਰਧਾਨ ਬਣਾਇਆ ਗਿਆ ਅਤੇ ਲਗਭਗ ਤਿੰਨ ਮਹੀਨੇ ਬਾਅਦ ਨਗਰ ਨਿਗਮ ਚੋਣਾਂ 'ਚ ਪਾਰਟੀ ਨੇ ਜਿੱਤ ਹਾਸਲ ਕੀਤੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਨੇ ਉੱਤਰੀ ਪੂਰਬੀ ਦਿੱਲੀ ਤੋਂ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੂੰ ਹਰਾਇਆ ਤੇ ਦੂਸਰੀ ਵਾਰ ਪਾਰਲੀਮੈਂਟ ਵਿੱਚ ਪਹੁੰਚੇ ਸਨ।

## ਜੈਸਿਕਾ ਲਾਲ ਮਰਡਰ ਕੇਸ ਦਾ ਦੋਸ਼ੀ ਮਨੂੰ ਸ਼ਰਮਾ ਜੇਲ੍ਹ ਤੋਂ ਰਿਹਾਅ



ਨਵੀਂ ਦਿੱਲੀ, 4 ਜੂਨ (ਪੋਸਟ ਬਿਊਰੋ)- ਲੈਫਟੀਨੈਂਟ ਗਵਰਨਰ ਦਿੱਲੀ ਅਨਿਲ (ਐੱਲ ਜੀ) ਬੈਜਲ ਵੱਲੋਂ ਅਗੇਤੀ ਰਿਹਾਈ ਦੀ ਮਨਜ਼ੂਰੀ ਮਿਲਣ ਪਿੱਛੋਂ ਜੈਸਿਕਾ ਲਾਲ ਹੱਤਿਆ ਕਾਂਡ ਲਈ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਮਨੂੰ ਸ਼ਰਮਾ ਨੂੰ ਸੋਮਵਾਰ ਨੂੰ ਤਿਹਾੜ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ।

ਡਾਇਰੈਕਟਰ ਜਨਰਲ (ਜੇਲ੍ਹ) ਸੰਦੀਪ ਗੋਇਲ ਨੇ ਇਹ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਦੇ ਮੁਤਾਬਕ ਦਿੱਲੀ ਸਰਕਾਰ ਦੇ ਅਧੀਨ ਆਉਂਦੇ ਦਿੱਲੀ ਸਜ਼ਾ ਸਮੀਖਿਆ ਬੋਰਡ (ਡੀ ਐੱਸ ਆਰ ਬੀ) ਨੇ ਬੀਤੇ ਮਹੀਨੇ ਮਨੂੰ ਸ਼ਰਮਾ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦੀ ਸਿਫਾਰਸ਼ ਕੀਤੀ ਸੀ, ਜਿਸ ਪਿੱਛੋਂ ਲੈਫਟੀਨੈਂਟ ਗਵਰਨਰ ਨੇ ਸਾਬਕਾ ਕੇਂਦਰੀ ਮੰਤਰੀ ਸ਼ਰਮਾ ਦੇ ਬੇਟੇ ਮਨੂੰ ਸ਼ਰਮਾ ਦੀ ਰਿਹਾਈ ਨੂੰ ਮਨਜ਼ੂਰੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ 29 ਮਈ ਨੂੰ ਦਿੱਲੀ ਗ੍ਰਿਹਿ ਵਿਭਾਗ ਨੇ ਮਨੂੰ ਸ਼ਰਮਾ ਸਮੇਤ 19 ਦੋਸ਼ੀਆਂ ਨੂੰ ਸਮੇਂ ਤੋਂ ਪਹਿਲਾਂ ਛੱਡਣ ਦਾ ਹੁਕਮ ਜਾਰੀ ਕੀਤਾ ਸੀ। ਗੋਇਲ ਨੇ ਕਿਹਾ, ਸ਼ਰਮਾ ਨੂੰ ਸੋਮਵਾਰ ਨੂੰ ਜੇਲ੍ਹ ਤੋਂ ਛੱਡਿਆ ਗਿਆ ਹੈ। ਉਸ ਨੇ 17 ਸਾਲ ਜੇਲ੍ਹ ਵਿੱਚ ਬਿਤਾਏ ਹਨ ਅਤੇ ਛੋਟ ਦੇ ਨਾਲ ਉਸ ਦੀ ਅਸਲ ਮਿਆਦ 23 ਸਾਲ ਤੇ ਚਾਰ ਮਹੀਨੇ ਬਣਦੀ ਹੈ।

ਮਨੂੰ ਸ਼ਰਮਾ ਨੂੰ ਜੈਸਿਕਾ ਲਾਲ ਦੀ ਕਤਲ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ ਦਸੰਬਰ 2006 ਵਿੱਚ ਦੋਸ਼ੀ ਮੰਨਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਹੇਠਲੀ ਅਦਾਲਤ ਨੇ ਉਸ ਨੂੰ ਹੱਤਿਆ ਦੇ ਦੋਸ਼ ਤੋਂ ਬਰੀ ਕਰ ਦਿੱਤਾ ਸੀ, ਪਰ ਹਾਈ ਕੋਟ ਨੇ ਉਸ ਦਾ ਹੁਕਮ ਪਲਟ ਦਿੱਤਾ, ਜਿਸ ਨੂੰ ਅਪ੍ਰੈਲ 2010 ਵਿੱਚ ਸੁਪਰੀਮ ਕੋਰਟ ਨੇ ਕਾਇਮ ਰੱਖਿਆ। ਉਸ ਦੇ ਵਕੀਲ ਅਮਿਤ ਸਾਹਨੀ ਨੇ ਕਿਹਾ, ਮਨੂੰ ਸ਼ਰਮਾ ਅਪ੍ਰੈਲ ਦੇ ਪਹਿਲੇ ਹਫਤੇ ਤੋਂ ਪੈਰੋਲ 'ਤੇ ਸੀ। ਉਸ ਨੂੰ ਤਿਹਾੜ ਜੇਲ੍ਹ ਤੋਂ ਛੱਡਿਆ ਗਿਆ। ਸਾਹਨੀ ਨੇ ਕਿਹਾ ਕਿ ਜੇਲ੍ਹ ਵਿੱਚ ਰਹਿਣ ਦੌਰਾਨ ਸ਼ਰਮਾ ਦਾ ਵਤੀਰਾ ਵਧੀਆ ਰਿਹਾ ਅਤੇ ਦਾਅਵਾ ਕੀਤਾ ਕਿ ਉਹ ਸਮੇਂ ਤੋਂ ਪਹਿਲਾਂ ਜੇਲ੍ਹ ਤੋਂ ਰਿਹਾਅ ਕੀਤੇ ਜਾਣ ਦੇ ਯੋਗ ਸੀ।

29-30 ਅਪ੍ਰੈਲ 1999 ਦੀ ਰਾਤ ਦਿੱਲੀ ਦੇ 'ਤਾਮਰਿੰਡ ਕੋਰਟ' ਰੈਸਟੋਰੈਂਟ ਵਿੱਚ ਮਾਡਲ ਜੈਸਿਕਾ ਲਾਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੁਲਸ ਦੇ ਮੁਤਾਬਕ ਸ਼ਰਾਬ ਦੇਣ ਤੋਂ ਮਨ੍ਹਾ ਕਰਨ 'ਤੇ ਜੈਸਿਕਾ ਲਾਲ ਦੀ ਹੱਤਿਆ ਕੀਤੀ ਗਈ। ਦੋਸ਼ੀ ਮਨੂੰ ਸ਼ਰਮਾ ਹਰਿਆਣਾ ਦੇ ਕਦਾਵਰ ਨੇਤਾ ਵਿਨੋਦ ਸ਼ਰਮਾ ਦਾ ਬੇਟਾ ਹੈ।

## ਇੰਡੀਗੋ ਕੰਪਨੀ ਲਾਗਤ ਘਟਾਉਣ ਲਈ ਪੁਰਾਣੇ ਜਹਾਜ਼ ਵਾਪਸ ਕਰ ਦੇਵੇਗੀ




ਨਵੀਂ ਦਿੱਲੀ, 4 ਜੂਨ (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਵੱਡੀ ਜਹਾਜ਼ ਕੰਪਨੀ ਇੰਡੀਗੋ ਨੇ ਲਾਗਤ ਘੱਟ ਕਰਨ ਲਈ ਮੁਲਾਜ਼ਮਾਂ 'ਤੇ ਹੁੰਦੇ ਖ਼ਰਚ 'ਚ ਕਟੌਤੀ ਅਤੇ ਪੁਰਾਣੇ ਜਹਾਜ਼ ਵਾਪਸ ਕਰਨ ਦੀ ਯੋਜਨਾ ਬਣਾਈ ਹੈ।

ਇੰਡੀਗੋ ਦੇ ਮੁੱਖ ਕਾਰਜਕਾਰੀ ਅਧਿਕਾਰੀ ਰੋਨੋਜਾਏ ਦੱਤਾ ਨੇ ਦੱਸਿਆ ਕਿ ਏਅਰਲਾਈਨ ਏਅਰਬੱਸ ਦੇ ਪੁਰ-ਾਣੇ 'ਕਰੇਂਟ ਇੰਜਣ ਆਪਸ਼ਨ' (ਸੀ ਈ ਓ) ਜਹਾਜ਼ਾਂ ਨੂੰ ਵਾਪਸ ਕਰਕੇ ਉਨ੍ਹਾਂ ਦੀ ਜਗ੍ਹਾ ਨਵੇਂ 'ਨਿਊ ਇੰਜਣ ਆਪਸ਼ਨ' (ਨਿਊ) ਜਹਾਜ਼ਾਂ ਨੂੰ ਆਪਣੇ ਬੇੜੇ 'ਚ ਸ਼ਾਮਲ ਕਰੇਗੀ। ਸੀ ਈ ਓ ਜਹਾਜ਼ਾਂ ਦੀ ਤੁਲਣਾ 'ਚ ਨਿਓ ਜਹਾਜ਼ਾਂ ਦੀ ਤੇਲ ਖ਼ਪਤ ਘੱਟ ਹੋਣ ਕਰਕੇ ਉਹ ਸਸਤੇ ਹਨ। ਇਨ੍ਹਾਂ ਦੀ ਸੰਭਾਲ ਦਾ ਖ਼ਰਚ ਵੀ ਘੱਟ ਹੈ। ਸਾਲ 2019-20 ਦੇ ਵਿੱਤੀ ਨਤੀਜਿਆਂ ਦੇ ਐਲਾਨ ਤੋਂ ਬਾਅਦ ਨਿਵੇਸ਼ਕਾਂ ਦੇ ਨਾਲ ਕਾਨਫਰੰਸ ਕਾਲ 'ਚ ਕੰਪਨੀ ਦੇ ਮੁੱਖ ਵਿੱਤੀ ਅਧਿਕਾਰੀ ਆਦਿਤਿਆ ਪਾਂਡੇ ਨੇ ਦੱਸਿਆ ਕਿ ਕੰਪਨੀ ਜਹਾਜ਼ਾਂ ਦੀ ਲੀਜ਼ ਰਾਸ਼ੀ ਦੇ ਨਾਲ ਹੋਰ ਸਥਿਰ ਲਾਗਤ ਘੱਟ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਸਥਿਰ ਲਾਗਤ 40 ਫ਼ੀਸਦੀ ਘੱਟ ਕਰਨ ਦਾ ਟੀਚਾ ਰੱਖਿਆ ਗਿਆ ਹੈ। ਚਾਲੂ ਸਾਲ ਦੇ ਪਹਿਲੇ ਨੌਂ ਮਹੀਨਿਆਂ 'ਚ ਉਹ ਲਾਗਤ ਘੱਟ ਕਰ ਕੇ 3-4 ਹਜ਼ਾਰ ਕਰੋੜ ਰੁਪਏ ਦੀ ਵਾਧੂ ਨਕਦੀ ਜੋੜਨ ਦੀ ਯੋਜਨਾ ਬਣਾ ਰਹੇ ਹਨ। ਇਸ 'ਚ ਕਰਮਚਾਰੀਆਂ ਦੀ ਤਨਖ਼ਾਹ 'ਚ ਕਟੌਤੀ, ਲਾਭ ਅੰਸ਼ ਨਾ ਦੇਣਾ ਅਤੇ ਜਹਾਜ਼ਾਂ ਦੇ ਲੀਜ਼ ਅਤੇ ਸੰਭਾਲ 'ਤੇ ਹੋਣ ਵਾਲਾ ਖ਼ਰਚ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਾਲ 'ਚ ਕਰਮਚਾਰੀਆਂ 'ਤੇ ਹੋਣ ਵਾਲੇ ਖ਼ਰਚ 'ਚ 25 ਫ਼ੀਸਦੀ ਦੀ ਕਟੌਤੀ ਕੀਤੀ ਜਾਵੇਗੀ।

ਇੱਕ ਸਵਾਲ ਦੇ ਜਵਾਬ 'ਚ ਪਾਂਡੇ ਨੇ ਕਿਹਾ ਕਿ ਅਗਲੇ ਦੋ ਸਾਲਾਂ 'ਚ 120 ਸੀ ਈ ਓ ਜਹਾਜ਼ਾਂ ਦੀ ਲੀਜ਼ ਖ਼ਤਮ ਹੋ ਰਿਹਾ ਹੈ, ਜਿਨ੍ਹਾਂ ਨੂੰ ਕੰਪਨੀ ਅੱਗੇ ਨਹੀਂ ਵਧਾਏਗੀ।

## ਨੇਪਾਲ ਨਾਲ ਤਣਾਅ ਵਧਣ ਉੱਤੇ ਭਾਰਤ ਨੇ ਸਰਹੱਦ ਸੀਲ ਕੀਤੀ




ਬਗਹਾ (ਬਿਹਾਰ), 4 ਜੂਨ (ਪੋਸਟ ਬਿਊਰੋ)- ਚੀਨ ਦੀਆਂ ਲੱਦਾਖ ਵਿੱਚ ਤਾਜ਼ਾ ਗਤੀਵਿਧੀਆਂ ਅਤੇ ਨੇਪਾਲ ਦੇ ਬਦਲੇ ਹੋਏ ਤੌਰ ਵੇਖਣ ਤੋਂ ਬਾਅਦ ਉਸ ਨਾਲ ਲੱਗਦੀ ਆਪਣੀ ਸਰਹੱਦ ਭਾਰਤ ਨੇ ਸੀਲ ਕਰ ਦਿੱਤੀ ਹੈ।

ਭਾਰਤ-ਨੇਪਾਲ ਸਰਹੱਦ 'ਤੇ ਬਿਹਾਰ ਦੇ ਪੱਛਮੀ ਚੰਪਾਰਨ ਜ਼ਿਲੇ ਦੇ ਵਾਲੀਮੀਕੀ ਨਗਰ ਵਿੱਚ ਕੇਂਦਰੀ ਫੋਰਸ ਐਸ ਐਸ ਬੀ ਨੇ ਚੌਕਸੀ ਵਧਾ ਦਿੱਤੀ ਹੈ। ਇਥੋਂ ਭਾਰਤ ਅਤੇ ਨੇਪਾਲ ਵਿੱਚ ਆਵਾਜਾਈ ਆਸਾਨੀ ਨਾਲ ਹੁੰਦੀ ਹੈ, ਪਰ ਪਿਛਲੇ ਕੁਝ ਦਿਨਾਂ ਤੋਂ ਚੀਨ ਦੇ ਭਰੋਸੇ ਨੇਪਾਲ ਵਿੱਚ ਭਾਰਤ-ਵਿਰੋਧੀ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਭਾਰਤ ਤੇ ਨੇਪਾਲ ਦੀ 84 ਕਿਲੋਮੀਟਰ ਅੰਤਰਰਾਸ਼ਟਰੀ ਸਰਹੱਦ ਯੂ ਪੀ ਦੇ ਮਹਰਾਜਗੰਜ ਜ਼ਿਲ੍ਹੇ ਨਾਲ ਲੱਗਦੀ ਹੈ। ਇਹ ਸਰਹੱਦ ਪੂਰੀ ਤਰ੍ਹਾਂ ਨਾਲ ਖੁੱਲ੍ਹੀ ਰਹਿੰਦੀ ਹੈ। ਵਰਨਣ ਯੋਗ ਹੈ ਕਿ 2 ਦਿਨ ਪਹਿਲਾਂ ਨੇਪਾਲ ਸਰਕਾਰ ਨੇ ਭਾਰਤ-ਨੇਪਾਲ ਦੀ ਖੁੱਲ੍ਹੀ ਸਰਹੱਦ ਬੰਦ ਕਰ ਕੇ ਉਸ ਉੱਤੇ ਆਪਣੀ ਫੌਜ ਲਾਉਣ ਦਾ ਫੈਸਲਾ ਕੀਤਾ ਸੀ। ਨੇਪਾਲ ਨੇ ਕਿਹਾ ਸੀ ਕਿ ਅੱਗੇ ਤੋਂ ਭਾਰਤੀਆਂ ਨੂੰ ਨੇਪਾਲ ਵਿੱਚ ਐਂਟਰੀ ਨਿਸ਼ਚਤ ਥਾਵਾਂ ਤੋਂ ਦਿੱਤੀ ਜਾਵੇਗੀ।

ਐਸ ਐਸ ਬੀ 21ਵੀਂ ਬਟਾਲੀਅਨ ਦੇ ਕਮਾਂਡੈਂਟ ਰਾਜਿੰਦਰ ਭਾਰਦਵਾਜ ਨੇ ਦੱਸਿਆ ਕਿ ਸਰਹੱਦ ਪੂਰੀ ਤਰ੍ਹਾਂ ਸੀਲ ਹੈ ਅਤੇ ਸਥਿਤੀ ਆਮ ਹੈ, ਫਿਰ ਵੀ ਮੋਬਾਈਲ ਪੈਟਰੋਲਿੰਗ ਵਧਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਾਰੇ ਨਾਕਿਆਂ 'ਤੇ ਵੀ ਲਗਾਤਾਰ ਪੈਟਰੋਲਿੰਗ ਕੀਤੀ ਜਾ ਰਹੀ ਹੈ। ਵਾਲਮੀਕੀ ਨਗਰ ਵਿੱਚ ਨੇਪਾਲ ਨਾਲ ਸਰਹੱਦੀ ਵਿਵਾਦ ਬਹੁਤ ਪੁਰਾਣਾ ਹੈ। ਆਏ ਦਿਨ ਨੇਪਾਲ ਆਪਣੀ ਘੁਸਪੈਠ ਵਧਾ ਰਿਹਾ ਹੈ। ਅੰਗਰੇਜ਼ ਸਰਕਾਰ ਨਾਲ ਹੋਏ ਸਮਝੌਤੇ ਮੁਤਾਬਕ ਨੇਪਾਲ ਨੇ ਜ਼ਬਰਨ ਸੈਂਕੜੇ ਏਕੜ ਭਾਰਤੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ। ਇਸ ਦਾ ਹੱਲ ਕੱਢਣ ਲਈ ਦੋਹਾਂ ਦੇਸ਼ਾਂ ਦੀਆਂ ਕਈ ਵਾਰ ਉਚ ਪੱਧਰੀ ਬੈਠਕਾਂ ਵੀ ਹੋਈਆਂ, ਜਿਨ੍ਹਾਂ ਵਿੱਚ ਬਣੀ ਆਮ ਸਹਿਮਤੀ ਦਾ ਵੀ ਨੇਪਾਲ ਵਾਰ-ਵਾਰ ਉਲੰਘਣ ਕਰਦਾ ਹੈ। ਅਜਿਹੇ ਵਿੱਚ ਸਰਹੱਦੀ ਵਿਵਾਦ ਦੇ ਮੱਦੇਨਜ਼ਰ ਇਹ ਕਾਫੀ ਸੰਵੇਦਨਸ਼ੀਲ ਸਰਹੱਦੀ ਖੇਤਰ ਹੈ।

ਪਿਛਲੇ ਦਿਨੀਂ ਨੇਪਾਲ ਨੇ ਆਪਣਾ ਇੱਕ ਨਵਾਂ ਨਕਸ਼ਾ ਜਾਰੀ ਕੀਤਾ ਹੈ, ਜਿਸ ਵਿੱਚ ਭਾਰਤ ਦੇ ਖੇਤਰ 'ਤੇ ਆਪਣਾ ਅਧਿਕਾਰ ਦਿਖਾਇਆ ਹੈ। ਇਸ 'ਤੇ ਭਾਰਤ ਨੇ ਸਖ਼ਤ ਇਤਰਾਜ਼ ਕੀਤਾ ਸੀ।

ਦੂਸਰੇ ਪਾਸੇ ਚੀਨ ਵੀ ਲੱਦਾਖ ਵਿੱਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰਨ ਵਿੱਚ ਲੱਗਾ ਹੋਇਆ ਹੈ ਅਤੇ ਨੇਪਾਲ ਦੀ ਮਦਦ ਨਾਲ ਭਾਰਤ 'ਤੇ ਦਬਾਅ ਬਣਾਉਣ ਦੇ ਯਤਨ ਕਰ ਰਿਹਾ ਹੈ। ਪਿਛਲੇ ਦਿਨੀਂ ਨੇਪਾਲ ਨੇ ਨਵੇਂ ਨਕਸ਼ੇ ਵਿੱਚ ਲਿਮਪੀ-ਯਾਧੁਰਾ, ਲਿਪੁਲੇਖ ਅਤੇ ਕਾਲਾਪਾਣੀ ਦੇ ਉਨ੍ਹਾਂ ਇਲਾਕਿਆਂ ਨੂੰ ਵੀ ਆਪਣੇ ਖੇਤਰ ਦੱਸਿਆ ਹੈ, ਜੋ ਭਾਰਤ ਕੋਲ ਹਨ। ਇਸ ਤੋਂ ਮੰਨਿਆ ਜਾ ਰਿਹਾ ਹੈ ਕਿ ਨੇਪਾਲ ਨੇ ਇਹ ਚੀਨ ਦੇ ਕਹੇ 'ਤੇ ਕੀਤਾ ਹੈ, ਕਿਉਂਕਿ ਨੇਪਾਲ ਦੇ ਨਵੇਂ ਨਕਸ਼ੇ ਨੂੰ ਸਵੀਕਾਰ ਕਰਨ 'ਤੇ ਭਾਰਤ ਨੂੰ ਨਾ ਸਿਰਫ ਆਪਣੀ ਅਧਿਕਾਰ ਵਾਲੀ ਜ਼ਮੀਨ ਨੂੰ ਛੱਡਣੀ ਹੋਵੇਗੀ, ਸਗੋਂ ਚੀਨ ਦਾ ਦਖ਼ਲ ਵੀ ਇਸ ਇਲਾਕੇ ਵਿੱਚ ਹੋਰ ਵਧ ਜਾਵੇਗਾ। ਨੇਪਾਲ ਸਰਹੱਦ ਵਿੱਚ ਕਈ ਗਤੀਵਿਧੀਆਂ ਲਈ ਚੀਨ ਫੰਡਿੰਗ ਕਰ ਰਿਹਾ ਹੈ। ਥਾਂ-ਥਾਂ ਚੀਨੀ ਭਾਸ਼ਾ ਮੁਫਤ ਸਿਖਾਉਣ ਲਈ ਕੇਂਦਰ ਚੱਲ ਰਹੇ ਹਨ। ਇਸ ਤੋਂ ਇਲਾਵਾ ਨੇਪਾਲੀ ਸੁਰੱਖਿਆ ਏਜੰਸੀਆ ਸਰਹੱਦ ਦੀ ਨਿਗਰਾਨੀ ਲਈ ਚੀਨ ਤੋਂ ਮਿਲੇ ਤੰਬੂਆਂ ਨਾਲ ਅਸਥਾਈ ਚੌਂਕੀਆਂ ਬਣਾ ਰਹੀਆਂ ਹਨ।

ਪਹਿਲਾਂ ਮਈ ਮਹੀਨੇ ਵਿੱਚ ਵੀ ਚੀਨ ਨੇ ਨੇਪਾਲ ਦੀ ਮਦਦ ਨਾਲ ਭਾਰਤ ਨੂੰ ਤੰਗ ਕਰਨ ਦੀ ਕੋਸ਼ਿਸ਼ ਕੀਤੀ ਸੀ। ਭਾਰਤ-ਨੇਪਾਲ ਸਰਹੱਦ ਨਾਲ ਦੇ ਇਲਾਕਿਆਂ ਵਿੱਚ ਕੋਰੋਨਾ ਦੀ ਰੋਕਥਾਮ ਲਈ ਨੇਪਾਲ ਪੁਲਸ ਨੇ ਯੂ ਪੀ-ਬਿਹਾਰ ਸਰਹੱਦ ਦੇ ਠੂਠੀਬਾਰੀ ਤੋਂ ਗੋਰਖਪੁਰ ਦੇ ਸੋਨੌਲੀ ਬਾਰਡਰ ਤੱਕ ਸੱਤ ਅਸਥਾਈ ਕੈਂਪ ਲਾਏ ਸਨ, ਜਿਨ੍ਹਾਂ ਦੀਆਂ ਕਨਾਤਾਂ 'ਤੇ ਨੇਪਾਲੀ ਭਾਸ਼ਾ ਦੀ ਥਾਂ ਚੀਨੀ ਭਾਸ਼ਾ ਲਿਖੀ ਹੋਈ ਸੀ।

ਇਸ ਦੌਰਾਨ ਭਾਰਤ ਅਤੇ ਚੀਨ ਵਿਚਾਲੇ ਲੱਦਾਖ ਕੋਲ ਲਾਈਨ ਆਫ ਐਕਚੂਅਲ ਕੰਟਰੋਲ (ਐਲ ਏ ਸੀ) 'ਤੇ ਜਾਰੀ ਤਣਾਅ ਵਿਚਾਲੇ ਦੋਹਾਂ ਦੇਸ਼ਾਂ ਦੇ ਡਿਵੀਜ਼ਨਲ ਕਮਾਂਡਰ ਪੱਧਰ ਦੀ ਬੈਠਕ ਹੋਈ ਹੈ, ਜਿਸ ਵਿੱਚ ਮੇਜਰ ਜਨਰਲ ਰੈਂਕ ਦੇ ਅਧਿਕਾਰੀ ਸ਼ਾਮਲ ਸਨ। ਦੋਹਾਂ ਦੇਸ਼ਾਂ ਵਿਚਾਲੇ ਇਸ ਪੱਧਰ ਦੀ ਇਹ ਤੀਜੀ ਬੈਠਕ ਹੋਈ ਹੈ। ਓਦੋਂ ਪਹਿਲਾਂ ਬਿਰਗੇਡੀਅਰ ਅਤੇ ਕਰਨਲ ਰੈਂਕ ਦੇ ਅਧਿਕਾਰੀਆਂ ਦੀ ਕਈ ਵਾਰ ਗੱਲਬਾਤ ਹੋ ਚੁੱਕੀ ਹੈ। ਤਣਾਅ ਘੱਟ ਕਰਨ ਲਈ ਫੌਜ ਦੇ ਨਾਲ-ਨਾਲ ਡਿਪਲੋਮੈਟ ਪੱਧਰ 'ਤੇ ਗੱਲਬਾਤ ਚੱਲ ਰਹੀ ਹੈ।



# ਹਾਂਗਕਾਂਗ ਦੇ ਬਦਲੇ ਹਾਲਾਤ ਕਾਰਨ ਬ੍ਰਿਟੇਨ ਇਮੀਗਰੇਸ਼ਨ ਦੇ ਨਿਯਮ ਬਦਲੇਗਾ

ਹਾਂਗਕਾਂਗ, 4 ਜੂਨ (ਪੋਸਟ ਬਿਊਰੋ)- ਬਰਤਾਨੀਆ ਦਾ ਕਹਿਣਾ ਹੈ ਕਿ ਜੇ ਚੀਨ ਨੇ ਹਾਂਗਕਾਂਗ 'ਤੇ ਕੌਮੀ ਸੁਰੱਖਿਆ ਕਾਨੂੰਨ ਥੋਪਣ ਦੀ ਕੋਸ਼ਿਸ਼ ਕੀਤੀ ਤਾਂ ਬਰਤਾਨੀਆ ਵੀ ਆਪਣੇ ਇਮੀਗਰੇਸ਼ਨ ਨਿਯਮ ਬਦਲ ਦੇਵੇਗਾ।

ਇਹ ਐਲਾਨ ਬਰਤਾਨਵੀ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਕੱਲ੍ਹ ਕੀਤਾ। ਇਮੀਗਰੇਸ਼ਨ ਨਿਯਮਾਂ 'ਚ ਬਦਲਾਅ ਹੇਠ ਹਾਂਗਕਾਂਗ ਦੇ 35 ਲੱਖ ਨਾਗਰਿਕ, ਜਿਨ੍ਹਾਂ ਕੋਲ ਬਰਤਾਨਵੀ ਨੈਸ਼ਨਲ ਓਵਰਸੀਜ਼ ਪਾਸ-ਪੋਰਟ ਹਨ, ਨੂੰ 12 ਮਹੀਨੇ ਲਈ ਬਰਤਾਨੀਆ ਵਿੱਚ ਰਹਿਣ ਦੀ ਖੁੱਲ੍ਹ ਅਤੇ ਹੋਰ ਇਮੀਗਰੇਸ਼ਨ ਅਧਿਕਾਰ ਦਿੱਤੇ ਜਾਣਗੇ। ਇਸ ਵਿੱਚ ਕੰਮ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ। 12 ਮਹੀਨੇ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਇਸ ਨੂੰ ਰੀਨਿਊ ਵੀ ਕਰਵਾਇਆ ਜਾ ਸਕੇਗਾ। ਹਾਲੇ ਤੱਕ ਬਰਤਾਨਵੀ ਨੈਸ਼ਨਲ ਓਵਰਸੀਜ਼ ਪਾਸਪੋਰਟ ਵਾਲੇ ਲੋਕ ਬਰਤਾਨੀਆ 'ਚ ਛੇ ਮਹੀਨੇ ਤੱਕ ਹੀ ਰੁਕ ਸਕਦੇ ਹਨ।

ਦੱਖਣੀ ਚੀਨ ਮਾਰਨਿੰਗ ਪੋਸਟ ਵਿੱਚ ਲਿਖੇ ਇੱਕ ਆਨਲਾਈਨ ਲੇਖ ਵਿੱਚ ਬੋਰਿਸ ਜੌਨਸਨ ਨੇ ਕਿਹਾ



ਹੈ ਕਿ 1997 ਵਿੱਚ ਜਦੋਂ ਹਾਂਗਕਾਂਗ ਚੀਨ ਨੂੰ ਸੌਂਪਿਆ ਸੀ ਤਾਂ ਓਦੋਂ ਉਸ ਨੂੰ ਕੁਝ ਕਾਨੂੰਨਾਂ ਤੋਂ ਛੋਟ ਦਿੱਤੀ ਗਈ ਸੀ। ਇਹ ਹਾਂਗਕਾਂਗ ਦੇ ਬੁਨਿਆਦੀ ਕਾਨੂੰਨਾਂ ਵਿੱਚ ਦਰਜ ਹੈ ਤੇ ਬਰਤਾਨੀਆ ਅਤੇ ਚੀਨ ਵੱਲੋਂ ਦਸਖਤ ਵਾਲੇ ਸਾਂਝੇ ਐਲਾਨਨਾਮੇ ਦਾ ਹਿੱਸਾ ਹੈ। ਜੌਨਸਨ ਨੇ ਕਿਹਾ ਕਿ ਹਾਂਗਕਾਂਗ 'ਤੇ ਕੌਮੀ ਸੁਰੱਖਿਆ ਕਾਨੂੰਨ ਲਾਗੂ ਕਰਨ ਦਾ ਫੈਸਲਾ ਆਜ਼ਾਦੀ ਘੱਟ ਕਰੇਗਾ ਤੇ ਨਾਟਕੀ ਰੂਪ ਨਾਲ ਇਸ ਦੀ ਖੁਦਮੁਖਤਾਰੀ ਨੂੰ ਖਤਮ ਕਰੇਗਾ। ਉਨ੍ਹਾ ਕਿਹਾ, ਹਾਂਗਕਾਂਗ ਵਿੱਚ ਰਹਿੰਦੇ ਲੋਕ ਆਪਣੇ ਭਵਿੱਖ ਦੇ ਬਾਰੇ ਚਿੰਤਤ ਹਨ। ਜੇ ਚੀਨ ਕੌਮੀ ਸੁਰੱਖਿਆ ਕਾਨੂੰਨ ਲਾਗੂ ਕਰਨ ਲਈ ਅੱਗੇ ਵਧਦਾ ਹੈ ਤਾਂ ਬਰਤਾਨੀਆ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟੇਗਾ। ਵਰਨਣ ਯੋਗ ਹੈ ਕਿ ਹਾਂਗਕਾਂਗ ਦੀ 75 ਲੱਖ ਦੀ ਆਬਾਦੀ ਵਿੱਚ 35 ਲੱਖ ਕੋਲ ਬਰਤਾਨਵੀ ਨੈਸ਼ਨਲ ਓਵਰਸੀਜ਼ ਪਾਸਪੋਰਟ ਹਨ।

ਓਧਰ ਕੌਮੀ ਸੁਰੱਖਿਆ ਕਾਨੂੰਨ ਲਾਗੂ ਕਰਨ ਦੇ ਨਿਰਦੇਸ਼ 'ਤੇ ਵਿਚਾਰ ਵਟਾਂਦਰਾ ਕਰਨ ਲਈ ਹਾਂਗਕਾਂਗ ਦੀ ਨੇਤਾ ਕੈਰੀ ਲਾਮ ਕੱਲ੍ਹ ਸਵੇਰੇ ਚੀਨ ਦੀ ਰਾਜਧਾਨੀ ਬੀਜਿੰਗ ਪੁੱਜੀ। ਮਾਹਰਾਂ ਦਾ ਕਹਿਣਾ ਹੈ ਕਿ ਚੀਨ ਇਸ ਮਹੀਨੇ ਜਾਂ ਅਗਸਤ ਦੇ ਅੰਤ ਤੱਕ ਹਾਂਗਕਾਂਗ 'ਤੇ ਇਹ ਕਾਨੂੰਨ ਲਾਗੂ ਕਰ ਸਕਦਾ ਹੈ। ਚੀਨ ਦੀ ਪਾਰਲੀਮੈਂਟ ਕੋਲ ਇਸ ਕਾਨੂੰਨ ਵਿੱਚ ਹਾਂਗਕਾਂਗ 'ਚ ਦੇਸ਼ਧ੍ਰੋਹ, ਅੱਤਵਾਦ ਤੇ ਵਿਦੇਸ਼ੀ ਦਖਲ ਤੇ ਵਿਰੋਧ ਪ੍ਰਦਰਸ਼ਨ ਵਰਗੀਆਂ ਸਰਗਰਮੀਆਂ ਨੂੰ ਦਬਾਇਆ ਜਾ ਸਕੇਗਾ। ਇਹੀ ਨਹੀਂ ਇਸ ਕਾਨੂੰਨ ਤਹਿਤ ਹਾਂਗਕਾਂਗ 'ਚ ਚੀਨੀਅ ਸੁਰੱਖਿਆ ਏਜੰਸੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਹੋਵੇਗੀ।

# ਚਾਰ ਸਾਲਾ ਬੱਚੀ ਨੂੰ ਇਨਸਾਫ ਲਈ ਬਲੋਚਿਸਤਾਨ ਵਿੱਚ ਪ੍ਰਦਰਸ਼ਨ ਸ਼ੁਰੂ

ਪੇਸ਼ਾਵਰ, 4 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿਸਤਾਨ ਵਿੱਚ ਇੱਕ ਚਾਰ ਸਾਲਾ ਬੱਚੀ ਦੇ ਲਈ ਇਨਸਾਫ ਦਿਵਾਉਣ ਦੀ ਮੰਗ ਬਾਰੇ ਵਿਰੋਧ ਪ੍ਰਦਰਸ਼ਨ ਤੇਜ਼ ਹੋ ਗਏ ਹਨ। ਇਸ ਬੱਚੀ ਨੂੰ ਪਾਕਿਸਤਾਨੀ ਫੌਜ ਦੇ ਪੱਖੀ ਦੋਸ਼ੀਆਂ ਨੇ ਆਪਣੀ ਮਾਂ ਦੇ ਨਾਲ ਤੁਬਰਤ ਸ਼ਹਿਰ ਵਿੱਚ ਗੋਲੀ ਮਾਰ ਦਿੱਤੀ ਸੀ।

ਸੋਸ਼ਲ ਮੀਡੀਆ 'ਤੇ ਇਸ ਬੱਚੀ ਨੂੰ ਇਨਸਾਫ ਦਿਵਾਉਣ ਲਈ ਮੁਹਿੰਮ ਚਲਾਈ ਗਈ ਹੈ ਜਿਸ ਵਿੱਚ ਦੁਨੀਆ ਭਰ ਦੇ ਬਲੋਚ ਆਪਣਾ ਵਿਰੋਧ ਦਰਜ ਕਰਵਾ ਰਹੇ ਹਨ। ਇਹ ਘਟਨਾ 31 ਮਈ ਨੂੰ ਹੋਈ ਸੀ, ਜਦੋਂ ਕੁਝ ਦੋਸ਼ੀਆਂ ਨੇ ਦਨੁਕ ਇਲਾਕੇ ਵਿੱਚ ਮਲਿਕ ਨਾਜ ਦੇ ਘਰ ਵਿੱਚ ਵੜ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਨਾਜ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਤੇ



ਉਸਦੀ ਚਾਰ ਸਾਲ ਦੀ ਬੇਟੀ ਬਰਮਹਸਾ ਗੰਭੀਰ ਜ਼ਖ਼ਮੀ ਹੋ ਗਈ। ਗੋਲੀਆਂ ਦੀ ਆਵਾਜ਼ ਸੁਣਨ ਦੇ ਬਾਅਦ ਲੋਕਾਂ ਨੇ ਦੋਸ਼ੀਆਂ ਵਿੱਚੋਂ ਇੱਕ ਅਲਤਾਫ ਮਜਾਰ ਨਾਮਕ ਸ਼ਖਸ ਨੂੰ ਫੜ ਲਿਆ, ਜਿਸ ਨੇ ਆਪਣੇ ਗਿਰੋਹ ਦਾ ਡੈਥ ਸਕਵੈਡਸ ਨਾਲ ਸੰਬੰਧਾਂ ਦਾ ਖੁਲਾਸਾ ਕੀਤਾ। ਡੈਥ ਸਕਵੈਡਸ ਸ਼ਬਦ ਉਨ੍ਹਾਂ ਗਰੁੱਪਾਂ ਦੇ ਲਈ ਵਰਤਿਆ ਜਾਂਦਾ ਹੈ, ਜਿਹੜੇ ਪਾਕਿਸਤਾਨ ਸੈਨਾ ਅਤੇ ਖੁਫੀਆ ਏਜੰਸੀਆਂ, ਆਈ ਐਸ ਆਈ ਅਤੇ ਐਮ ਆਈ ਦੇ ਪੱਖੀ ਹਨ। ਬਲੋਚ ਲੋਕਾਂ ਦੇ ਕਤਲ ਅਤੇ ਅਗਵਾ ਲਈ ਇਨ੍ਹਾਂ ਗਰੁੱਪਾਂ ਨੂੰ ਫੌਜ ਵੱਲੋਂ ਆਊਟਸੋਰਸ ਕੀਤਾ ਜਾ ਰਿਹਾ ਹੈ।

ਬਲੋਚ ਮਨੁੱਖ ਅਧਿਕਾਰ ਸੰਗਠਨਾਂ ਦੇ ਅਨੁਸਾਰ ਪ੍ਰਾਂਤ ਵਿੱਚ 8,000 ਤੋਂ ਵੱਧ ਕਤਲਾਂ ਹੱਤਿਆਵਾਂ ਹੋਈਆਂ ਹਨ ਤੇ 45,000 ਤੋਂ ਵੱਧ ਲੋਕਾਂ ਦੇ ਲਾਪਤਾ ਹਨ, ਜਦੋਂ ਕਿ ਹਥਿਆਰਬੰਧ ਸੰਘਰਸ਼ਾਂ ਅਤੇ ਸੈਨਾ ਦੇ ਸੰਚਾਲਨ ਦੇ ਕਾਰਨ ਖੇਤਰ ਵਿੱਚ ਹਜ਼ਾਰਾਂ ਲੋਕ ਅੰਦਰੂਨੀ ਰੂਪ ਵਿੱਚ ਉਜਾੜੇ ਦਾ ਸ਼ਿਕਾਰ ਹੋ ਗਏ ਹਨ।

# ਅਮਰੀਕਾ ਵਿੱਚ ਗੂਗਲ 'ਤੇ ਪੰਜ ਅਰਬ ਡਾਲਰ ਦਾ ਕੇਸ

ਸਾਨ ਫਰਾਂਸਿਸਕੋ, 4 ਜੂਨ (ਪੋਸਟ ਬਿਊਰੋ)- ਯੂਜ਼ਰਜ਼ ਦੀਆਂ ਸੂਚਨਾਵਾਂ ਇਕੱਠੀਆਂ ਕਰਨ ਦੇ ਦੋਸ਼ ਵਿੱਚ ਗੂਗਲ 'ਤੇ ਅਮਰੀਕਾ ਵਿੱਚ ਪੰਜ ਅਰਬ ਡਾਲਰ ਦਾ ਮੁਕੱਦਮਾ ਕੀਤਾ ਗਿਆ ਹੈ।

ਕੈਲੀਫੋਰਨੀਆ ਦੀ ਡਿਸਟ੍ਰਿਕ ਕੋਰਟ ਵਿੱਚ ਕੀਤੇ ਗਏ ਕੇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਜਦੋਂ ਕੋਈ ਯੂਜ਼ਰ ਸਰਚ ਇੰਜਣ ਦੇ ਕ੍ਰੋਮ ਬ੍ਰਾਊਜ਼ਰ ਵਿੱਚ ਇਨਕਾਗਨਿਟੋ ਮੋਡ (ਪ੍ਰਾਈਵੇਟ ਮੋਡ) 'ਤੇ ਸਰਚ ਕਰਦਾ ਹੈ ਤਾਂ ਗੂਗਲ ਨਾ ਸਿਰਫ ਬਰਾਊਜ਼ਿੰਗ ਹਿਸਟਰੀ ਨੂੰ ਟਰੈਕ ਕਰਦਾ ਹੈ, ਸਗੋਂ ਉਸ ਨੂੰ ਇਕੱਠਾ ਵੀ ਕਰਦਾ ਹੈ। ਹਰਜਾਨੇ ਦੇ ਤੌਰ 'ਤੇ ਪੰਜ ਅਰਬ ਡਾਲਰ ਦੇਣ ਦੀ ਮੰਗ ਕਰਦੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਗੂਗਲ ਨੇ ਕੈਲੀਫੋਰਨੀਆ ਕਾਨੂੰਨ ਦਾ



ਉਲੰਘਣ ਕੀਤਾ ਹੈ। ਇਸ ਕਾਨੂੰਨ ਹੇਠ ਕਿਸੇ ਯੂਜ਼ਰ ਦੀ ਨਿੱਜੀ ਜਾਣਕਾਰੀ ਨੂੰ ਪੜ੍ਹਨ ਲਈ ਸਾਰੇ ਪੱਖਾਂ ਦੀ ਸਹਿਮਤੀ ਦੀ ਲੋੜ ਹੁੰਦੀ ਹੈ।

ਇਸ ਮੁਕੱਦਮੇ ਦਾ ਟੀਚਾ 'ਫੈਡਰਲ ਵਾਇਰਟੈਪ ਐਕਟ' ਨੂੰ ਲਾਗੂ ਕਰਾਉਣਾ ਹੈ। ਇਹ ਕਾਨੂੰਨ ਨਿੱਜੀ ਜਾਣਕਾਰੀ ਨੂੰ ਲੀਕ ਕਰਨ ਜਾਂ ਇਕੱਠਾ ਕਰਨ 'ਤੇ ਯੂਜ਼ਰ ਨੂੰ ਕੇਸ ਕਰਨ ਦਾ ਅਧਿਕਾਰ ਦੇਂਦਾ ਹੈ। ਗੂਗਲ ਦੇ ਬੁਲਾਰੇ ਨੇ ਇਸ ਦਾਅਵੇ ਦਾ ਖੰਡਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕ੍ਰੋਮ ਵਿੱਚ ਇਨਕ-ਾਗਨਿਟੋ ਮੋਡ ਤੁਹਾਨੂੰ ਸੇਵ ਕੀਤੇ ਬਿਨਾਂ ਇੰਟਰਨੈਟ ਉਤੇ ਜਾਣਕਾਰੀ ਸਰਚ ਕਰਨ ਦਾ ਬਦਲ ਦਿੰਦਾ ਹੈ। ਕਈ ਯੂਜ਼ਰਜ਼ ਇਹ ਸੋਚਦੇ ਹਨ ਕਿ ਜੇ ਉਹ ਇਨਕਾਗਨਿਟੋ ਮੋਡ ਨਾਲ ਇੰਟਰਨੈੱਟ ਲਾਗ-ਇਨ ਕਰਨ ਤਾਂ ਉਨ੍ਹਾਂ ਦੀ ਬਰਾਊਜ਼ਿੰਗ ਹਿਸਟਰੀ ਟਰੈਕ ਨਹੀਂ ਹੋਵੇਗੀ। ਗੂਗਲ ਐਨਾਲਿਟਿਕਸ ਵਰਗੇ ਟੂਲ ਨਾਲ ਜੇ ਤੁਸੀਂ ਕਿਸੇ ਵੈਬਸਾਈਟ 'ਤੇ ਜਾਓ ਤਾਂ ਯੂਜ਼ਰ ਟਰੈਕ ਕੀਤਾ ਜਾਂਦਾ ਹੈ। ਮਾਈਕ੍ਰੋਸਾਫਟ, ਕਾਨਜੇ ਮੇਲਨ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਪੈਨਿਸਵੇਨੀਆ ਨੇ ਸਾਂਝੇ ਖੋਜ ਵਿੱਚ ਪਤਾ ਲਾਇਆ ਹੈ ਕਿ 22484 ਸੈਕਸ ਵੈਬਸਾਈਟ ਨੇ ਵੈਬ ਐਕਸ-ਰੇਅ ਨਾਂਅ ਦੇ ਟੂਲ ਦਾ ਇਸਤੇਮਾਲ ਕਰ ਕੇ ਯੂਜ਼ਰ ਦੇ 93 ਫੀਸਦੀ ਪੇਜ ਨੂੰ ਥਰਡ ਪਾਰਟੀ ਨੂੰ ਲੀਕ ਕਰ ਦਿੱਤਾ।

# ਇਟਲੀ ਵਿੱਚ ਪੱਕੇ ਹੋਣ ਲਈ ਕਾਗਜ਼ ਭਰਨ ਦਾ ਕੰਮ ਸ਼ੁਰੂ

ਮਿਲਾਨ, 4 ਜੂਨ (ਪੋਸਟ ਬਿਊਰੋ)- ਕਰੀਬ ਅੱਠ ਸਾਲ ਬਾਅਦ ਇਟਲੀ ਦੀ ਸਰਕਾਰ ਨੇ ਇਟਲੀ ਵਿੱਚ ਬਿਨਾਂ ਪੇਪਰਾਂ ਤੋਂ ਰਹਿ ਰਹੇ ਕਾਮਿਆਂ ਨੂੰ ਪੇਪਰ ਦੇਣ ਸੰਬੰਧੀ ਪਿਛਲੇ ਦਿਨੀਂ ਐਲਾਨ ਕੀਤਾ ਸੀ। ਇਸ ਤਹਿਤ ਇੱਕ ਜੂਨ ਤੋਂ ਇਹ ਫਾਰਮ ਭਰਨੇ ਸ਼ੁਰੂ ਹੋ ਰਹੇ ਹਨ। ਇਹ ਫਾਰਮ ਇੱਕ ਜੂਨ ਤੋਂ 15 ਜੁਲਾਈ ਤੱਕ ਭਰੇ ਜਾਣਗੇ ਜਿਸ ਵਿੱਚ ਇਟਲੀ ਦੀ ਸਰਕਾਰੀ ਤਕਰੀਬਨ ਪੰਜ ਤੋਂ ਛੇ ਲੱਖ ਬਿਨਾਂ ਪੇਪਰਾਂ ਤੋਂ ਰਹਿ ਰਹੇ ਕਾਮਿਆਂ ਨੂੰ ਪੇਪਰ ਦੇਣ ਜਾ ਰਹੀ ਹੈ।

ਇਟਲੀ ਵਿੱਚ ਖੁੱਲ੍ਹੀ ਓਪਨ ਇਮੀਗਰੇਸ਼ਨ ਦੇ ਫਾਰਮ ਇੱਕ ਜੂਨ ਤੋਂ ਆਨਲਾਈਨ ਭਰੇ ਜਾਣੇ ਸ਼ੁਰੂ ਹੋ ਗਏ ਹਨ ਤੇ ਇਨ੍ਹਾਂ ਪੇਪਰਾਂ ਬਾਰੇ ਜਾਣਕਾਰੀ ਇਟਲੀ ਦੇ ਇਮੀਗਰੇਸ਼ਨ ਵਿਭਾਗ ਨੇ ਆਪਣੀ ਵੈੱਬਸਾਈਟ 'ਤੇ ਸਾਂਝੀ ਕਰ ਦਿੱਤੀ ਹੈ ਜਿਸ ਵਿੱਚ ਘਰੇਲੂ ਕਾਮੇ ਲਈ



ਮਾਲਕ ਦੀ ਆਮਦਨ 20,000 ਹਜ਼ਾਰ ਤੇ ਦੋ ਪਰਵਾਰਕ ਮੈਂਬਰਾਂ ਦੀ ਆਮਦਨ ਮਿਲਾ ਕੇ ਘੱਟੋ-ਘੱਟ 27000 ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਖੇਤੀ ਵਾਲੇ ਮਾਲਕਾਂ ਦੀ ਆਮਦਨ 30,000 ਹੋਣੀ ਚਾਹੀਦੀ ਹੈ ਜਿਨ੍ਹਾਂ ਕਿ ਖੇਤੀਬਾੜੀ ਦੇ ਕੰਮ ਲਈ ਕਾਮੇ ਦੇ ਪੇਪਰ ਭਰਨੇ ਹਨ। ਇਹ ਪੇਪਰ ਕਾਮਾ ਬਿਨਾਂ ਮਾਲਕ ਦੇ ਵੀ ਭਰ ਸਕਦਾ ਹੈ, ਪਰ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਪਰਵਾਸੀਆਂ ਨੂੰ ਇਟਾਲੀਅਨ ਬੋਲੀ ਘੱਟ ਆਉਂਦੀ ਹੈ, ਉਹ ਪੇਪਰਾਂ ਤੋਂ ਰਹਿ ਨਾ ਜਾਣ। ਇਹ ਸੋਚ ਕੇ ਠੱਗ ਏਜੰਟਾਂ ਤੋਂ ਆਪਣੀ ਪੰਜ ਹਜ਼ਾਰ ਤੋਂ 6500 ਯੂਰੋ ਤੱਕ ਦੀ ਲੁੱਟ ਕਰਵਾਉਣ ਲਈ ਬੇਵੱਸ ਤੇ ਲਾਚਾਰ ਹਨ। ਕਈ ਏਜੰਟ ਤਾਂ ਬਿਨਾਂ ਪਾਸਪੋਰਟ ਵਾਲੇ ਭਾਰਤੀ ਨੌਜਵਾਨਾਂ ਤੋਂ ਵੀ ਨਵਾਂ ਪਾਸ-ਪੋਰਟ ਬਣਾਉਣ ਦੀ ਫਾਈਲ ਭਰਨ ਦੇ ਨਾਂਅ 'ਤੇ ਆਪਣੀ ਦਿਹਾੜੀ ਬਣਾ ਰਹੇ ਹਨ ਜਦੋਂ ਕਿ ਭਾਰਤੀ ਦੂਤਘਰ ਰੋਮ ਵੱਲੋਂ ਇਹ ਸੇਵਾ ਮੁਫਤ ਦਿੱਤੀ ਜਾ ਰਹੀ ਹੈ। ਇਹ ਲੋਕ ਦੂਤਘਰ ਦੇ ਅਧਿਕਾਰਤ ਵਲੰਟੀਅਰ ਤੱਕ ਜਾਂਦੇ ਹੀ ਨਹੀਂ, ਰਾਹ 'ਚ ਕੋਈ ਦਲਾਲ ਇਨ੍ਹਾਂ ਨੂੰ ਲੁੱਟ ਲੈਂਦਾ ਹੈ। ਜਿਨ੍ਹਾਂ ਭਾਰਤੀ ਨੌਜਵਾਨਾਂ ਦੇ ਪਾਸ-ਪੋਰਟ ਗੁੰਮ ਹਨ, ਉਨ੍ਹਾਂ ਨੂੰ ਪਾਸਪੋਰਟ ਬਣਵਾਉਣ ਲਈ ਰਿਪੋਰਟ ਦੀ ਕਾਪੀ ਫਾਈਲ ਨਾਲ ਲਗਾਉਣੀ ਜ਼ਰੂਰੀ ਹੈ ਤੇ ਕਈ ਠੱਗ ਇਨ੍ਹਾਂ ਮਜਬੂਰ ਨੌਜਵਾਨਾਂ ਤੋਂ ਰਿਪੋਰਟ ਦੀ ਕਾਪੀ ਦੁਆਉਣ ਦੇ ਵੀ ਮੋਟੇ ਪੈਸੇ ਵਸੂਲ ਰਹੇ ਹਨ।

# ਪਾਕਿਸਤਾਨ 'ਚ ਸਿੱਖ ਡਾਕਟਰ ਦੀ ਕੋਰੋਨਾ ਨਾਲ ਮੌਤ

ਪੇਸ਼ਾਵਰ, 4 ਜੂਨ (ਪੋਸਟ ਬਿਊਰੋ)- ਪਾਕਿਸਤਾਨ 'ਚ ਇੱਕ ਸਿੱਖ ਡਾਕਟਰ ਦੀ ਕੋਰੋਨਾ ਵਾਇਰਸ ਕਾਰਨ ਮੌਤ ਹੋ ਜਾਣ ਦੀ ਖ਼ਬਰ ਆਈ ਹੈ ਅਤੇ ਇਸ ਦੇ ਇਲਾਵਾ ਕਈ ਹੋਰ ਸਿੱਖ ਵੀ ਬਿਮਾਰ ਦੱਸੇ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਪਾਕਿ-ਸਤਾਨ ਦੇ ਉਤਰ-ਪੱਛਮ 'ਚ ਸੂਬਾ ਖੈਬਰ ਪਖਤੂਨਖਵਾ ਦੀ ਰਾਜਧਾਨੀ ਪੇਸ਼ਵਾਰ 'ਚ ਡਾ. ਫੱਗ ਚੰਦ ਸਿੰਘ ਪਿਛਲੇ ਚਾਰ ਦਿਨਾਂ ਤੋਂ ਇੱਕ ਨਿੱਜੀ ਹਸਪਤਾਲ 'ਚ ਵੈਂਟੀਲੇਟਰ ਉੱਤੇ ਸਨ। ਉਨ੍ਹਾਂ ਨੇ ਖੈਬਰ ਮੈਡੀਕਲ ਕਾਲਜ ਤੋਂ 1980 'ਚ ਐਮ ਬੀ ਬੀ ਐਸ ਦੀ ਡਿਗਰੀ ਕੀਤੀ ਸੀ ਤੇ ਸਾਬਕਾ ਰਾਸ਼ਟਰਪਤੀ ਜ਼ੀਆ-ਉਲ ਹੱਕ ਨੇ ਉਨ੍ਹਾਂ ਨੂੰ ਸੋਨ ਤਗਮੇ ਨਾਲ ਸਨਮਾਨਿਤ ਕੀਤਾ ਸੀ। ਉਨ੍ਹਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਸੂਬੇ ਦੇ ਜ਼ਿਲ੍ਹਾ ਨੌਸ਼ਿਹਰਾ 'ਚ ਇੱਕ ਮੈਡੀਕਲ ਅਧਿਕਾਰੀ ਵਜੋਂ ਕੀਤੀ ਸੀ ਤੇ ਤਿੰਨ ਦਹਾਕਿਆਂ ਤੱਕ ਇਸ ਜ਼ਿਲ੍ਹੇ 'ਚ ਸੇਵਾਵਾਂ ਦਿੱਤੀਆਂ ਸਨ।



ਉਹ ਚਾਰ ਸਾਲ ਪਹਿਲਾਂ ਡਿਪਟੀ ਸੁਪਰਡੈਂਟ ਵਜੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਦਾ ਜੱਦੀ ਪਿੰਡ ਪੀਰਬਾਬਾ ਬਾਦਸ਼ਾਹ ਕਲਾਂ ਸੀ, ਜੋ ਜ਼ਿਲ੍ਹਾ ਬਨੂਰ ਵਿੱਚ ਪੈਂਦਾ ਹੈ। ਡਾ. ਫੱਗ ਚੰਦ ਸਿੰਘ ਆਪਣੀ ਇਮਾਨਦਾਰੀ ਲਈ ਮਸ਼ਹੂਰ ਸਨ ਤੇ ਗ਼ਰੀਬਾਂ ਦਾ ਅਕਸਰ ਮੁਫ਼ਤ ਇਲਾਜ ਕਰਦੇ ਸਨ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਪੁੱਤਰ ਡਾ. ਗੁਰਮੀਤ ਕੁਮਾਰ ਤੇ ਡਾ. ਜਤਿਨ ਕੁਮਾਰ ਤੇ ਬੇਟੀ ਡਾ. ਸਵੀਟੀ ਛੱਡ ਗਏ ਹਨ। ਡਿਪਟੀ ਕਮਿਸ਼ਨਰ ਨੌਸ਼ਹਿਰਾ ਸ਼ਾਹਿਦ ਅਲੀ ਖ਼ਾਨ ਨੇ ਦੱਸਿਆ ਕਿ ਡਾ: ਫੱਗ ਚੰਦ ਸਿੰਗ ਦਾ ਬੇਟਾ ਡਾ. ਜਤਿਨ ਕੁਮਾਰ ਜ਼ਿਲ੍ਹਾ ਕੋਰੋਨਾ ਜਵਾਬਦੇਹੀ ਟੀਮ ਦਾ ਮੁਖੀ ਹੈ।

# ਗੈਰ-ਗੋਰੇ ਜਾਰਜ ਫਲਾਇਡ ਦੀ ਹੱਤਿਆ ਵਿਰੁੱਧ ਪ੍ਰਦਰਸ਼ਨਾਂ ਵਿੱਚ ਗੋਰੇ ਲੋਕ ਵੀ ਸ਼ਾਮਲ

ਵਾਸ਼ਿੰਗਟਨ, 4 ਜੂਨ (ਪੋਸਟ ਬਿਊਰੋ)- ਪੁਲਸ ਦੇ ਹੱਥੋਂ ਜਾਰਜ ਫਲਾਇਡ ਦੀ ਹੱਤਿਆ ਦੇ ਬਾਅਦ ਪ੍ਰਦਰਸ਼ਨ ਕਰਦੇ ਲੋਕਾਂ ਵਿੱਚ ਸਿਰਫ ਗੈਰ-ਗੋਰੇ ਸ਼ਾਮਲ ਨਹੀਂ, ਸਗੋਂ ਵੱਡੀ ਗਿਣਤੀ ਗੋਰੇ ਅਮਰੀਕੀਆਂ ਵੀ ਹਨ। ਇਨ੍ਹਾਂ ਵਿੱਚ ਵਿੱਦਿਆਰਥੀ ਵੀ ਸ਼ਾਮਲ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਜਾਰਜ ਦੀ ਬੇਰਹਿਮੀ ਨਾਲ ਸਾਹ ਰੋਕਿਆ ਗਿਆ। ਉਸਦੀ ਮੌਤ ਹੋ ਗਈ। ਪੁਲਸ ਏਦਾਂ ਕਰੇ ਤਾਂ ਅਸੀਂ ਸਿਰਫ ਇਸ ਲਈ ਚੁੱਪ ਨਹੀਂ ਬੈਠ ਸਕਦੇ ਕਿਉਂਕਿ ਉਹ ਗੈਰ-ਗੋਰਾ ਸੀ।




ਮਿਨੇਪੋਲਿਸ ਵਿੱਚ ਕੱਲ੍ਹ ਰਾਤ ਪ੍ਰਦਰਸ਼ਨ ਕਰਨ ਵਾਲਿਆਂ ਨੇ ਰੈਲੀ ਕੀਤੀ। ਪੈਨਿਸਲਵੇਨੀਆ ਦੇ ਫਿਲਾਡੇਲਫੀਆ ਵਿੱਚ ਜਦੋਂ ਪੁਲਸ ਗਈ ਤਾਂ ਲੋਕ ਸੜਕ ਉੱਤੇ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਲੇਟ ਗਏ। ਕੈਲੀਫੋਰਨੀਆ ਦੇ ਆਕਲੈਂਡ ਵਿੱਚ ਵੀ ਫਲਾਇਡ ਦੀ ਹੱਤਿਆ ਦੇ ਵਿਰੋਧ ਵਿੱਚ ਪ੍ਰਦਰਸ਼ਨ ਹੁੰਦੇ ਰਹੇ। ਇਨ੍ਹਾਂ ਵਿੱਚ ਨੌਜਵਾਨਾਂ ਦੀ ਗਿਣਤੀ ਵੱਧ ਸੀ ਤੇ ਇਨ੍ਹਾਂ ਲੋਕਾਂ ਨੇ ਆਪਣੇ ਨਾਲ ਲਾਊਡਸਪੀਕਰ ਵੀ ਰੱਖਿਆ ਸੀ। ਦੂਸਰੇ ਪਾਸੇ ਮੈਨਹਟਨ ਬ੍ਰਿਜ਼ 'ਤੇ ਕਈ ਘੰਟੇ ਨਾਰੇਬਾਜ਼ੀ ਅਤੇ ਹੰਗਾਮਾ ਹੁੰਦਾ ਰਿਹਾ। ਲੋਕਾਂ ਨੂੰ ਰੋਕਣ ਲਈ ਅੱਥਰੂ ਗੈਸ ਤੇ ਰਬੜ ਬੁਲੇਟ ਦੀ ਵਰਤੋਂ ਕੀਤੀ ਗਈ। ਸਿਅਟਲ ਵਿੱਚ ਪੁਲਸ ਹੈਡਕੁਆਰਟਰ ਦੇ ਬਾਹਰ ਲੋਕਾਂ ਨੇ ਹੱਥ ਬੰਨ੍ਹ ਕੇ ਚੇਨ ਬਣਾਈ। ਇਸ ਦੌਰਾਨ ਸ਼ਹਿਰ ਦੇ ਦੂਸਰੇ ਹਿੱਸਿਆਂ ਵਿੱਚ ਵੀ ਪ੍ਰਦਰਸ਼ਨ ਹੁੰਦੇ ਰਹੇ। ਅਮਰੀਕਾ ਹੀ ਨਹੀਂ, ਬ੍ਰਿਟੇਨ ਅਤੇ ਸਮੇਨ ਵਿੱਚ ਵੀ ਜਾਰਜ ਦੀ ਹੱਤਿਆ ਦਾ ਵਿਰੋਧ ਹੋ ਰਿਹਾ ਹੈ।

# ਘਰ ਵਾਪਸੀ ਲਈ ਭਾਰਤੀਆਂ ਨੇ ਅਮਰੀਕਾ ਵਿੱਚ ਮੁਹਿੰਮ ਚਲਾਈ

ਵਾਸ਼ਿੰਗਟਨ, 4 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਫਸੇ 85 ਭਾਰਤੀਆਂ ਦੇ ਇੱਕ ਗਰੁੱਪ ਨੇ ਦੇਸ਼ ਵਾਪਸੀ ਲਈ ਮੁਹਿੰਮ ਚਲਾਈ ਹੈ। ਇਨ੍ਹਾਂ ਲੋਕਾਂ ਨੇ ਭਾਰਤ ਸਰਕਾਰ ਤੋਂ ਅਮਰੀਕੀ ਨਾਗਰਿਕਤਾ ਵਾਲੇ ਨਾਬਾਲਗ ਬੱਚਿਆਂ ਨਾਲ ਯਾਤਰਾ ਕਰਨ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ ਹੈ।

ਅਸਲ ਵਿੱਚ ਕੋਰੋਨਾ ਦੀ ਮਹਾਂਮਾਰੀ ਨੂੰ ਦੇਖਦੇ ਹੋਏ ਓ ਸੀ ਆਈ ਕਾਰਡ ਧਾਰਕਾਂ ਵਿੱਚੋਂ ਕੁਝ ਸ਼੍ਰੇਣੀਆਂ ਨੂੰ ਛੱਡ ਕੇ ਗੈਰ ਭਾਰਤੀ ਨਾਗਰਿਕਾਂ ਦੇ ਭਾਰਤ ਆਉਣ 'ਤੇ ਪਾਬੰਦੀ ਲੱਗੀ ਹੋਈ ਹੈ। ਓ ਸੀ ਆਈ ਕਾਰਡ ਭਾਰਤੀ ਮੂਲ ਦੇ ਲੋਕਾਂ ਨੂੰ ਜਾਰੀ ਕੀਤਾ ਜਾਂਦਾ ਹੈ। ਇਸ ਦੇ ਨਾਲ ਉਨ੍ਹਾਂ ਨੂੰ ਬਹੁਤੇ ਮਾਮਲਿਆਂ ਵਿੱਚ ਬਿਨਾਂ ਵੀਜ਼ਾ ਦੇ ਯਾਤਰਾ ਦੀ ਇਜਾਜ਼ਤ ਮਿਲ ਜਾਂਦੀ ਹੈ। ਓ ਸੀ ਆਈ ਕਾਰਡ ਧਾਰਕਾਂ ਨੂੰ ਭਾਰਤੀ ਨਾਗਰਿਕਾਂ ਦੀ ਤਰ੍ਹਾਂ ਹੀ ਅਧਿਕਾਰ ਹੁੰਦੇ ਹਨ, ਪ੍ਰੰਤੂ ਉਹ ਭਾਰਤ ਵਿੱਚ ਨਾ ਖੇਤੀ ਵਾਲੀ ਜ਼ਮੀਨ ਖਰੀਦ ਸਕਦੇ ਹਨ ਅਤੇ ਨਾ ਵੋਟਿੰਗ ਜਾਂ ਚੋਣ ਵਿੱਚ ਹਿੱਸਾ ਲੈ ਸਕਦੇ ਹਨ। ਇਸ ਗਰੁੱਪ ਨੇ ਬੀਤੇ ਦਿਨੀਂ ਵਿਦੇਸ਼ ਮੰਤਰਾਲੇ, ਭਾਰਤੀ ਦੂਤਘਰ ਅਤੇ ਅਮਰੀਕਾ ਵਿੱਚ ਭਾਰਤ ਦੇ ਡਿਪਲੋਮੈਟਿਕ ਮਿਸ਼ਨਾਂ ਨੂੰ ਲਿਖੇ ਪੱਤਰ ਵਿੱਚ ਭਾਰਤ ਵਾਪਸ ਆਉਣ ਦੀ ਇੱਛਾ ਪ੍ਰਗਟ ਕੀਤੀ ਅਤੇ ਆਪਣੇ ਨਾਬਾਲਗ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇ ਨਾਲ ਯਾਤਰਾ ਕਰਨ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ। ਇਸ ਗਰੁੱਪ ਵਿੱਚ ਸ਼ਾਮਲ ਲੋਕ ਸੋਸ਼ਲ ਮੀਡੀਆ ਦੇ ਰਾਹੀਂ ਇੱਕ ਦੂਜੇ ਦੇ ਸੰਪਰਕ ਵਿੱਚ ਆਏ। ਇਨ੍ਹਾਂ ਸਾਰਿਆਂ ਦੇ ਬੱਚੇ ਅਮਰੀਕਾ ਵਿੱਚ ਪੈਦਾ ਹੋਣ ਕਾਰਨ ਉਹ ਅਮਰੀਕੀ ਨਾਗਰਿਕ ਹਨ। ਇਨ੍ਹਾਂ ਦੇ ਕੋਲ ਓ ਸੀ ਆਈ ਕਾਰਡ ਨਹੀਂ ਹੈ। ਇਨ੍ਹਾਂ ਨਾਬਾਲਗ ਬੱਚਿਆਂ ਦੇ ਮਾਤਾ-ਪਿਤਾ ਨੇ ਲਿਖਿਆ ਕਿ ਅਸੀਂ ਭਾਰਤ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਉਨ੍ਹਾਂ ਨਾਬਾਲਗਾਂ ਨੂੰ ਯਾਤਰਾ ਦੀ ਇਜਾਜ਼ਤ ਦੇਵੇ ਜਿਨ੍ਹਾਂ ਕੋਲ ਜਾਇਜ਼ ਭਾਰਤੀ ਵੀਜ਼ਾ ਹੈ। ਇਨ੍ਹਾਂ ਲੋਕਾਂ ਨੇ ਪੱਤਰ ਵਿੱਚ ਇਹ ਵੀ ਲਿਖਿਆ ਕਿ ਸਾਡੀ ਤਰ੍ਹਾਂ ਹੋਰ ਭਾਰਤੀ ਵੰਦੇ ਭਾਰਤ ਮਿਸ਼ਨ ਦੀ ਬਦੌਲਤ ਦੇਸ਼ ਪਰਤ ਰਹੇ ਹਨ। ਸਾਡੇ ਕੋਲ ਵੀ ਭਾਰਤ ਪਰਤਣ ਦੇ ਜਾਇਜ਼ ਕਾਰਨ ਮੌਜੂਦ ਹਨ, ਪ੍ਰੰਤੂ ਅਸੀਂ ਨਾਬਾਲਗ ਬੱਚਿਆਂ ਨੂੰ ਅਮਰੀਕਾ ਵਿੱਚ ਛੱਡ ਕੇ ਵਾਪਸ ਨਹੀਂ ਆ ਸਕਦੇ ਹਾਂ।

# ਭਾਰਤ-ਨੇਪਾਲ ਸਰਹੱਦੀ ਤਣਾਅ: ਨੇਪਾਲੀ ਪਾਰਲੀਮੈਂਟ ਵਿੱਚ ਨਕਸ਼ੇ ਬਾਰੇ ਸੰਵਿਧਾਨ ਸੋਧ ਬਿੱਲ ਪੇਸ਼

ਕਾਠਮੰਡੂ, 4 ਜੂਨ (ਪੋਸਟ ਬਿਊਰੋ)- ਭਾਰਤ ਨਾਲ ਸਰਹੱਦ ਵਿਵਾਦ ਬਾਰੇ ਨੇਪਾਲ ਸਰਕਾਰ ਨੇ ਪਾਰਲੀਮੈਂਟ ਵਿੱਚ ਦੇਸ਼ ਦੇ ਨਕਸ਼ੇ 'ਚ ਬਦਲਾਅ ਲਈ ਸੰਵਿਧਾਨ ਸੋਧ ਬਿੱਲ ਪੇਸ਼ ਕਰ ਦਿੱਤਾ ਹੈ।

ਨੇਪਾਲ ਦੇ ਕਾਨੂੰਨ, ਨਿਆਂ ਅਤੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਸ਼ਿਵਮਾਯਾ ਤੁੰਬਹਾਂਗਫੇ ਨੇ ਇਹ ਬਿੱਲ ਪੇਸ਼ ਕੀਤਾ ਹੈ। ਇਸ ਤੋਂ ਇੱਕ ਦਿਨ ਪਹਿਲਾਂ ਮੁੱਖ ਵਿਰੋਧੀ ਧਿਰ ਨੇਪਾਲੀ ਕਾਂਗਰਸ ਨੇ ਵੀ ਇਸ ਕਾਨੂੰਨ ਦਾ ਸਮਰਥਨ ਕੀਤਾ ਸੀ। ਨੇਪਾਲ ਦੇ ਸੰਵਿਧਾਨ ਵਿੱਚ ਇਹ ਦੂਜੀ ਸੋਧ ਹੈ। ਪਿੱਛੇ ਜਿਹੇ ਨੇਪਾਲ ਨੇ ਲਿਪੂਲੇਖ,



ਕਾਲਾਪਾਣੀ ਅਤੇ ਲਿਮਪਿਯਾਧੁਰਾ ਦੇ ਮੁੱਖ ਹਿੱਸਿਆਂ 'ਤੇ ਆਪਣਾ ਹੱਕ ਜਤਾ ਕੇ ਦੇਸ਼ ਦੇ ਸੋਧੇ ਗਏ ਰਾਜਨੀਤਕ ਅਤੇ ਪ੍ਰਸ਼ਾਸਕੀ ਨਕਸ਼ੇ ਨੂੰ ਜਾਰੀ ਕੀਤਾ ਸੀ। ਭਾਰਤ ਨੇ ਨੇਪਾਲ ਦੀ ਇਸ ਕਾਰਵਾਈ ਉੱਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਸੀ ਕਿ ਇਸ ਇਲਾਕੇ ਸੰਬੰਧੀ ਵਧਾ-ਚੜ੍ਹਾ ਕੇ ਕੀਤੇ ਬਣਾਉਟੀ ਦਾਅਵੇ ਨੂੰ ਭਾਰਤ ਸਵੀਕਾਰ ਨਹੀਂ ਕਰੇਗਾ ਅਤੇ ਉਸ ਨੇ ਗੁਆਂਢੀ ਦੇਸ਼ ਨੂੰ ਨਕਸ਼ੇ ਸਬੰਧੀ ਅਜਿਹੇ ਗਲਤ ਦਾਅਵੇ ਨਾ ਕਰਨ ਲਈ ਕਿਹਾ ਸੀ। ਨੇਪਾਲ ਦੀ ਪਾਰਲੀਮੈਂਟ ਵਿੱਚ ਪੇਸ਼ ਇਸ ਬਿੱਲ ਦਾ ਉਦੇਸ਼ ਮੁਲਕ ਦੇ ਰਾਜਸੀ ਨਕਸ਼ੇ 'ਚ ਬਦਲਾਅ ਲਿਆਉਣਾ ਹੈ, ਜੋ ਸੰਵਿਧਾਨ ਦੀ ਤੀਜੀ ਸੂਚੀ ਵਿੱਚ ਸ਼ਾਮਲ ਹੈ। ਬਿੱਲ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਇਸ ਉੱਤੇ ਚਰਚਾ ਕੀਤੀ ਜਾਵੇਗੀ, ਜਿਸ ਦੇ ਪਾਸ ਹੋਣ ਮਗਰੋਂ ਰਾਸ਼ਟਰਪਤੀ ਵੱਲੋਂ ਇਹ ਬਿੱਲ ਜਾਰੀ ਕਰ ਦਿੱਤਾ ਜਾਵੇਗਾ। ਮੁੱਖ ਵਿਰੋਧੀ ਪਾਰਟੀ ਨੇਪਾਲੀ ਕਾਂਗਰਸ ਨੇ ਕੱਲ੍ਹ ਇਸ ਬਿੱਲ ਦਾ ਸਮਰਥਨ ਕਰਨ ਦਾ ਫ਼ੈਸਲਾ ਕੀਤਾ ਸੀ।

# ਐਂਟੀ ਮਾਈਕ੍ਰੋਬੀਅਲ ਦਵਾਈਆਂ ਦੀ ਸਮਰੱਥਾ ਅੱਗੇ ਤੋਂ ਘਟੀ

ਜਨੇਵਾ, 4 ਜੂਨ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੇ ਡਾਇਰੈਕਟਰ ਜਨਰਲ ਟੈਡਰੋਸ ਐਡਨਾਮ ਘੇਬਰਯੇਯੀਅਸ ਨੇ ਚਿਤਾਵਨੀ ਦੇ ਨਾਲ ਨਿਰਾਸ਼ਾ ਪ੍ਰਗਟ ਕੀਤੀ ਹੈ ਕਿ ਕੋਰੋਨਾ ਵਾਇਰਸ ਦੇ ਖਿਲਾਫ ਅਜੇ ਤੱਕ ਕੋਈ ਮਹੱਤਵ ਪੂਰਨ ਵੈਕਸੀਨ ਲੱਭਣ ਵਿੱਚ ਅਸੀਂ ਅਸਫਲ ਰਹੇ ਹਾਂ।

ਇੱਕ ਆਨਲਾਈਨ ਪ੍ਰੈਸ ਕਾਨਫਰੰਸ ਵਿੱਚ ਡਬਲਯੂ ਐਚ ਓ ਮੁਖੀ ਨੇ ਕਿਹਾ ਕਿ ਦੁਨੀਆ ਬੇਹੱਦ ਅਹਿਮ ਐਂਟੀ ਮਾਈਕ੍ਰੋਬੀਅਲ ਦਵਾਈਆਂ ਦੀ ਸਮਰੱਥਾ ਨੂੰ ਗੁਆਈ ਜਾ ਰਹੀ ਹੈ। ਕੋਰੋਨਾ ਨੇ ਇਨ੍ਹਾਂ ਦਵਾਈਆਂ ਦੀ ਵਰਤੋਂ ਨੂੰ ਉਤਸ਼ਾਹ ਦਿੱਤਾ ਹੈ। ਇਨ੍ਹਾਂ ਦੀ ਜ਼ਿਆਦਾ ਵਰਤੋਂ ਨਾਲ ਅਖੀਰ ਜੀਵਾਣੂ ਵਿਰੋਧੀ ਸਮਰੱਥਾ 'ਤੇ ਉਲਟ ਅਸਰ ਪਵੇਗਾ। ਟੈਡਰੋਸ ਨੇ ਦੁਨੀਆ ਨੂੰ ਇਸ ਬਾਰੇ ਸਥਾਈ ਵੈਕਸੀਨ ਦੀ ਖੋਜ ਨੂੰ ਉਤਸ਼ਾਹਤ ਕਰਨ ਲਈ ਨਵੇਂ ਮਾਡਲ ਲੱਭਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਸਾਡੇ ਸਮੇਂ ਦੀਆਂ ਸਭ ਤੋਂ ਜ਼ਰੂਰੀ ਚੁਣੌਤੀਆਂ ਵਿੱਚੋਂ ਇੱਕ ਹੈ।

ਐਂਟੀ ਮਾਈਕ੍ਰੋਬੀਅਲ ਅਕਸਰ ਸਾਧਾਰਨ ਇਨਫੈਕਸ਼ਨ ਦੇ ਇਲਾਜ ਲਈ ਵਰਤੋਂ ਵਿੱਚ ਲਿਆਏ ਜਾਂਦੇ ਹਨ। ਇਨ੍ਹਾਂ ਦਵਾਈਆਂ ਦੀ ਵੱਧ



ਵਰਤੋਂ ਨਾਲ ਇਹ ਸਰੀਰ 'ਤੇ ਪ੍ਰਭਾਵਹੀਣ ਹੋਣ ਲੱਗਦੀ ਹੈ। ਦੁਨੀਆ ਪਹਿਲਾਂ ਹੀ ਐਂਟੀਬਾਇਓਟਿਕ ਦਵਾਈਆਂ ਬਾਰ ਚੁਣੌਤੀਆਂ ਦਾ ਸਾਹ-ਮਣਾ ਕਰ ਰਹੀ ਹੈ। ਫਿਰ ਵੀ ਡੈਟਰੋਸ ਨੇ ਕਿਹਾ ਕਿ ਨਵੇਂ ਐਂਟੀਬਾਇਓਟਿਕ ਅਤੇ ਐਂਟੀ ਮਾਈਕ੍ਰੋਬੀਅਲ ਏਜੰਟਾਂ ਨੂੰ ਤਿਆਰ ਕਰਨ ਦੀ ਲੋੜ ਹੈ। ਇਸ ਸਮੇਂ ਦੁਨੀਆ ਵਿੱਚ ਕੋਰੋਨਾ ਵਾਇਰਸ ਲਈ ਕੋਈ ਟੀਕਾ ਨਹੀਂ ਹੈ। ਪੂਰੀ ਦੁਨੀਆ ਕੋਰੋਨਾ ਵਾਇਰਸ ਦੀ ਵੈਕਸੀਨ ਦੀ ਖੋਜ ਵਿੱਚ ਲੱਗੀ ਹੈ, ਪਰ ਇਨ੍ਹਾਂ ਦਵਾਈਆਂ ਦੀ ਪਰਖ ਦਾ ਇਨਸਾਨ ਉੱਤੇ ਅਜੇ ਕੋਈ ਅਸਰ ਨਹੀਂ ਦਿੱਸਿਆ। ਵੈਕਸੀਨ ਦੇ ਮਨੁੱਖਾਂ 'ਤੇ ਤਜਰਬਿਆਂ ਦੇ ਨਤੀਜੇ ਉਤਸ਼ਾਹ ਜਨਕ ਨਹੀਂ ਰਹੇ। ਇਸ ਲਈ ਗਿਲੀਡ ਦੀ ਨਵੀਂ ਐਂਟੀ ਵਾਇਰਸ ਦਵਾਈ, ਜਿਸ ਨੂੰ ਰੈਮੇਡਸਿਵਰ ਕਿਹਾ ਗਿਆ ਹੈ, ਤੋਂ ਕਾਫੀ ਉਮੀਦਾਂ ਹਨ। ਦਾਅਵਾ ਕੀਤਾ ਜਾਂਦਾ ਹੈ ਕਿ ਦਵਾਈ ਦੇ ਤਜਰਬੇ ਵੇਲੇ ਕੋਰੋਨਾ ਇਨਫੈਕਸ਼ਨ ਨੂੰ ਰੋਕਣ ਦੇ ਸੀਮਿਤ ਪ੍ਰਭਾਵ ਦਿਸੇ ਹਨ। ਦੁਨੀਆ ਦੇ ਕਈ ਦੇਸ਼ਾਂ ਵਿੱਚ ਕੋਰੋਨਾ ਮਰੀਜ਼ਾਂ ਨੂੰ ਇਹ ਦਵਾਈ ਦਿੱਤੀ ਗਈ ਹੈ।

ਡਬਲਯੂ ਐਚ ਓ ਦੀ ਮਾਹਰ ਮਾਰੀਆ ਵਾਨ ਕੇਰਖੋਵ ਨੇ ਕਿਹਾ ਕਿ ਇਸ ਦੇ ਕੋਈ ਸਬੂਤ ਨਹੀਂ ਹਨ ਕਿ ਨੋਵਲ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਜਾਂ ਉਸ ਦੀ ਘਾਤਕਤਾ ਵਿੱਚ ਕੋਈ ਬਦਲਾਅ ਹੋਇਆ ਹੈ। ਸੰਗਠਨ ਵਿੱਚ ਕੋਵਿਡ 19 ਦੀ ਤਕਨੀਕੀ ਮੁਖੀ ਮਾਰੀਆ ਦਾ ਕਹਿਣਾ ਹੈ ਕਿ ਇਹ ਵਾਇਰਸ ਅਜੇ ਵੀ ਬੇਹੱਦ ਤੇਜ਼ੀ ਨਾਲ ਫੈਲ ਸਕਦਾ ਹੈ।

# ਜਦੋਂ ਟਰੂਡੋ ਹੀ ਟਰੰਪ ਖਿਲਾਫ ਨਹੀਂ ਬੋਲ ਸਕੇ ਤਾਂ ਆਮ ਲੋਕਾਂ ਤੋਂ ਕੀ ਉਮੀਦ ਕੀਤੀ ਜਾਵੇ : ਜਗਮੀਤ ਸਿੰਘ



ਓਟਵਾ, 4 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇੱਕ ਪਾਸੇ ਕੈਨੇਡੀਅਨਾਂ ਨੂੰ ਨਸਲਵਾਦ ਖਿਲਾਫ ਆਵਾਜ਼ ਬੁਲੰਦ ਕਰਨ ਲਈ ਆਖਿਆ ਜਾ ਰਿਹਾ ਹੈ ਉੱਥੇ ਹੀ ਦੂਜੇ ਪਾਸੇ ਇਸੇ ਮੁੱਦੇ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਕੀਤੀਆਂ ਗਈਆਂ ਭਖਵੀਆਂ ਟਿੱਪਣੀਆਂ ਬਾਰੇ ਟਰੂਡੋ ਨੇ ਕੁੱਝ ਵੀ ਆਖਣ ਤੋਂ ਟਾਲਾ ਵੱਟ ਲਿਆ।

ਮੰਗਲਵਾਰ ਨੂੰ ਜਸਟਿਨ ਟਰੂਡੋ ਉੱਤੇ ਇਹ ਦਬਾਅ ਪਾਇਆ ਜਾ ਰਿਹਾ ਸੀ ਕਿ ਉਹ ਇਹ ਦੱਸਣ ਕਿ ਪੁਲਿਸ ਹਿਰਾਸਤ ਵਿੱਚ ਸਿਆਹ ਨਸਲ ਦੇ ਵਿਅਕਤੀ ਦੇ ਹੋਏ ਕਤਲ ਨਾਲ ਸਬੰਧਤ ਜਾਰੀ ਰੋਸ ਮੁਜ਼ਾਹਰਿਆਂ ਨੂੰ ਜਿਸ ਤਰ੍ਹਾਂ ਟਰੰਪ ਵੱਲੋਂ ਹੈਂਡਲ ਕੀਤਾ ਜਾ ਰਿਹਾ ਹੈ ਉਸ ਬਾਰੇ ਉਨ੍ਹਾਂ ਦੇ ਕੀ ਵਿਚਾਰ ਹਨ? ਜਾਰਜ ਫਲੌਇਡ ਨਾਂ ਦੇ ਵਿਅਕਤੀ ਦੀ ਮੌਤ ਤੋਂ ਬਾਅਦ ਦੇਸ਼ ਭਰ ਵਿੱਚ ਚੱਲ ਰਹੇ ਰੋਸ ਮੁਜ਼ਾਹਰਿਆਂ ਦਰਮਿਆਨ ਹਿੰਸਾ ਦੀਆਂ ਵਾਰਦਾਤਾਂ ਕਾਰਨ ਦੇਸ਼ ਝੰਬਿਆ ਪਿਆ ਹੈ। ਇਨ੍ਹਾਂ ਮੁਜ਼ਾਹਰਿਆਂ ਕਾਰਨ ਕਈ ਹੋਰਨਾਂ ਸ਼ਹਿਰਾਂ ਵਿੱਚ ਵੀ ਲੋਕ ਮਰ ਚੁੱਕੇ ਹਨ ਤੇ ਇਸ ਦਾ ਪ੍ਰਭਾਵ ਵਿਆ-ਪਕ ਪੱਧਰ ਉੱਤੇ ਪਿਆ ਹੈ, ਕਈ ਥਾਂਵਾਂ ਨੂੰ ਨੁਕਸਾਨ ਵੀ ਪਹੁੰਚਿਆ ਹੈ ਤੇ ਮੀਡੀਆ ਨੂੰ ਵੀ ਨਿਸ਼ਾਨਾ ਬਣਾਇਆ ਜਾ ਚੁੱਕਿਆ ਹੈ।

ਜ਼ਿਕਰਯੋਗ ਹੈ ਕਿ ਟਰੰਪ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਠੱਗ ਤੇ ਅਰਾਜਕ ਤੱਕ ਦਾ ਦਰਜਾ ਦਿਤਾ ਗਿਆ ਹੈ। ਉਨ੍ਹਾਂ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਇਨ੍ਹਾਂ ਮੁਜ਼ਾਹਰਿਆਂ ਨੂੰ ਖ਼ਤਮ ਕਰਵਾਉਣ ਲਈ ਉਹ ਫੌਜ ਤਾਇਨਾਤ ਕਰ ਦੇਣਗੇ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਮੁਜ਼ਾਹਰਾਕਾਰੀਆਂ ਖਿਲਾਫ ਹਿੰਸਾ ਦੀ ਵਰਤੋਂ ਕਰਨ ਦੀ ਪੈਰਵੀ ਵੀ ਕੀਤੀ ਜਾ ਰਹੀ ਹੈ। ਪਿਛਲੇ ਹਫਤੇ ਜਦੋਂ ਟਰੰਪ ਵਾਈਟ ਹਾਊਸ ਦੇ ਬਾਹਰ ਫੋਟੋ-ਓਪ ਲਈ ਜਾ ਰਹੇ ਸਨ ਤਾਂ ਉਨ੍ਹਾਂ ਦਾ ਰਾਹ ਰੋਕ ਰਹੇ ਲੋਕਾਂ ਉਤੇ ਅੱਥਰੂ ਗੈਸ ਵੀ ਛੱਡੀ ਗਈ। ਮੰਗਲਵਾਰ ਨੂੰ ਜਦੋਂ ਇੱਕ ਪੱਤਰਕਾਰ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਅਮਰੀਕਾ ਵਿੱਚ ਜਾਰੀ ਇਸ ਸੰਕਟ ਬਾਰੇ ਸਵਾਲ ਪੁੱਛੇ ਗਏ ਤਾਂ ਉਹ ਲੰਮੇਂ ਸਮੇਂ ਲਈ ਚੁੱਪ ਧਾਰ ਗਏ। ਉਨ੍ਹਾਂ ਆਖਿਰਕਾਰ ਇਹ ਆਖਿਆ ਕਿ ਕੈਨੇਡੀਅਨ ਬਹੁਤ ਸਹਿਮੇ ਹੋਏ ਇਹ ਸੱਭ ਵੇਖ ਰਹੇ ਹਨ। ਪਰ ਉਨ੍ਹਾਂ ਕਿਤੇ ਵੀ ਟਰੰਪ ਦਾ ਜ਼ਿਕਰ ਨਹੀਂ ਕੀਤਾ ਤੇ ਨਾ ਹੀ ਉਨ੍ਹਾਂ ਵੱਲੋਂ ਕੀਤੀਆਂ ਟਿਪਣੀਆਂ ਉੱਤੇ ਹੀ ਕੋਈ ਪ੍ਰਤੀਕਿਰਿਆ ਪ੍ਰਗਟਾਈ।

ਇਸ ਉੱਤੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇਸ ਮਾਮਲੇ ਵਿੱਚ ਟਰੂਡੋ ਦੀ ਚੁੱਪੀ ਪਰੇਸ਼ਾਨ ਕਰਨ ਵਾਲੀ ਹੈ। ਕੈਨੇਡਾ ਦਾ ਪ੍ਰਧਾਨ ਮੰਤਰੀ ਹੋਣ ਨਾਤੇ ਟਰੂਡੋ ਨੂੰ ਅਮਰੀਕਾ ਵਿੱਚ ਜਾਰੀ ਨਫਰਤ ਤੇ ਨਸਲਵਾਦ ਖਿਲਾਫ ਆਵਾਜ਼ ਉਠਾਉਣੀ ਹੀ ਚਾਹੀਦੀ ਸੀ। ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਹੀ ਅਜਿਹੇ ਨਾਜ਼ੁਕ ਮੁੱਦਿਆਂ ਉੱਤੇ ਆਪਣੀ ਰਾਇ ਜ਼ਾਹਿਰ ਨਹੀਂ ਕਰਦਾ ਤਾਂ ਆਮ ਲੋਕਾਂ ਤੋਂ ਆਪਣੇ ਜਾਂ ਦੂਜਿਆਂ ਦੇ ਅਧਿਕਾਰਾਂ ਲਈ ਖੜ੍ਹੇ ਹੋਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਪ੍ਰਧਾਨ ਮੰਤਰੀ ਨੂੰ ਮਿਸਾਲ ਪੇਸ਼ ਕਰਨੀ ਚਾਹੀਦੀ ਹੈ।

# ਫਲੌਇਡ ਦੇ ਕਤਲ 'ਚ ਸ਼ਾਮਲ ਚਾਰਾਂ ਪੁਲਿਸ ਅਧਿਕਾਰੀਆਂ ਖਿਲਾਫ ਲਾਏ ਗਏ ਚਾਰਜਿਜ਼





ਮਿਨੀਆਪੋਲਿਸ, 4 ਜੂਨ (ਪੋਸਟ ਬਿਊਰੋ) : ਮਿਨੀਆਪੋਲਿਸ ਦਾ ਸਾਬਕਾ ਪੁਲਿਸ ਅਧਿਕਾਰੀ, ਜਿਸ ਨੇ ਜਾਰਜ ਫਲੌਇਡ ਦੀ ਧੌਣ ਉੱਤੇ ਗੋਡਾ ਰੱਖ ਕੇ ਉਸ ਨੂੰ ਮੌਤ ਦੇ ਘਾਟ ਉਤਾਰਿਆ, ਉੱਤੇ ਬੁੱਧਵਾਰ ਨੂੰ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ। ਮੌਕੇ ਉੱਤੇ ਮੌਜੂਦ ਤਿੰਨ ਹੋਰਨਾ ਪੁਲਿਸ ਅਧਿਕਾਰੀਆਂ ਉੱਤੇ ਕਤਲ ਵਿੱਚ ਮਦਦ ਕਰਨ ਦੇ ਚਾਰਜ ਲਾਏ ਗਏ ਹਨ।

ਮਿਨੀਸੋਟਾ ਦੀ ਅਟਾਰਨੀ ਜਨਰਲ ਕੀਥ ਐਲੀਸਨ ਨੇ ਇਨ੍ਹਾਂ ਚਾਰਜਿਜ਼ ਦਾ ਐਲਾਨ ਕਰਦਿਆਂ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਚਾਰਜਿਜ਼, ਫਲੌਇਡ, ਉਨ੍ਹਾਂ ਦੇ ਪਰਿਵਾਰ, ਸਾਡੀ ਕਮਿਊਨਿਟੀ ਤੇ ਸਾਡੀ ਸਟੇਟ ਲਈ ਇਨਸਾਫ ਦਾ ਰਾਹ ਖੋਲ੍ਹਦੇ ਹਨ। ਇਹ ਐਲਾਨ ਪੁਲਿਸ ਹਿਰਾਸਤ ਵਿੱਚ ਫਲੌਇਡ ਦੇ ਹੋਏ ਕਤਲ ਤੋਂ ਇੱਕ ਹਫਤੇ ਬਾਅਦ ਕੀਤਾ ਗਿਆ ਹੈ। ਇਸ ਦਰਮਿਆਨ ਸਿਆਹ ਨਾਗਰਿਕਾਂ ਨੂੰ ਲੈ ਕੇ ਪੁਲਿਸ ਦੀ ਹਿੰਸਾ ਰੋਕਣ ਲਈ ਦੇਸ਼ ਭਰ ਵਿੱਚ ਮੁਜ਼ਾਹਰੇ ਭਖੇ ਹੋਏ ਸਨ।

ਫਲੌਇਡ ਦੀ ਧੌਣ ਉੱਤੇ ਨੌਂ ਮਿੰਟ ਤੱਕ ਆਪਣਾ ਗੋਡਾ ਟਿਕਾਈ ਰੱਖਣ ਤੇ ਉਸ ਨੂੰ ਮਾਰਨ ਦੇ ਮਾਮਲੇ ਵਿੱਚ ਡੈਰੇਕ ਚੌਵਿਨ ਨੂੰ ਪਹਿਲਾਂ ਥਰਡ ਡਿਗਰੀ ਮਰਡਰ ਅਤੇ ਸੈਕਿੰਡ ਡਿਗਰੀ ਮਨੁੱਖੀ ਹੱਤਿਆ ਲਈ ਚਾਰਜ ਕੀਤਾ ਗਿਆ ਸੀ। ਨਵੇਂ ਸੈਕਿੰਡ ਡਿਗਰੀ ਚਾਰਜ ਵਿੱਚ ਆਖਿਆ ਗਿਆ ਹੈ ਕਿ ਚੌਵਿਨ ਨੇ ਥਰਡ ਡਿਗਰੀ ਦੀ ਵਰਤੋਂ ਕਰਦਿਆਂ ਬਿਨਾਂ ਕਿਸੇ ਕਾਰਨ ਫਲੌਇਡ ਨੂੰ ਮਾਰ ਦਿੱਤਾ।

ਥਾਮਸ ਲੇਨ ਤੇ ਜੇ ਅਲੈਗਜ਼ੈਂਡਰ ਕੁਏਂਗ, ਜਿਨ੍ਹਾਂ ਨੇ ਫਲੌਇਡ ਦੇ ਕਤਲ ਵਿੱਚ ਮਦਦ ਕੀਤੀ ਤੇ ਟੋਊ ਥਾਓ, ਜਿਹੜਾ ਉਥੇ ਖੜ੍ਹਾ ਰਿਹਾ, ਨੂੰ ਪਹਿਲਾਂ ਚਾਰਜ ਨਹੀਂ ਕੀਤਾ ਗਿਆ ਸੀ। 37 ਸਾਲਾ ਲੇਨ, 26 ਸਾਲਾ ਕੁਏਂਗ ਤੇ 34 ਸਾਲਾ ਥਾਓ ਨੂੰ ਹੁਣ ਇਸ ਕਤਲ ਵਿੱਚ ਮਦਦ ਕਰਨ ਲਈ ਸੈਕਿੰਡ ਡਿਗਰੀ ਮਰਡਰ ਵਿੱਚ ਭਾਗੀਦਾਰੀ ਨਿਭਾਉਣ ਬਦਲੇ ਚਾਰਜ ਕੀਤਾ ਗਿਆ ਹੈ। ਸੈਕਿੰਡ ਡਿਗਰੀ ਮਰਡਰ ਤੇ ਇਸ ਤਰ੍ਹਾਂ ਦੇ ਮਰਡਰ ਵਿੱਚ ਮਦਦ ਕਰਨ ਲਈ 40 ਸਾਲ ਦੀ ਕੈਦ ਹੋ ਸਕਦੀ ਹੈ। ਮਨੁੱਖੀ ਹੱਤਿਆ ਵਿੱਚ ਮਦਦ ਕਰਨ ਲਈ 10 ਸਾਲ ਦੀ ਕੈਦ ਹੋ ਸਕਦੀ ਹੈ।

ਪੋਸਟਮਾਰਟਮ ਤੋਂ ਵੀ ਇਹ ਸਿੱਧ ਹੋ ਗਿਆ ਹੈ ਕਿ ਫਲੌਇਡ ਦਾ ਕਤਲ ਕੀਤਾ ਗਿਆ। ਮਿਨੀਆਪੋਲਿਸ ਦੇ ਪੁਲਿਸ ਮੁਖੀ ਮੇਡਾਰੀਆ ਐਰੇਡੌਂਡੋ ਨੇ ਚਾਰਾਂ ਪੁਲਿਸ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ। ਫਲੌਇਡ ਦੇ ਪਰਿਵਾਰ ਤੇ ਦੇਸ਼ ਭਰ ਵਿੱਚ ਮੁਜ਼ਾਹਰੇ ਕਰ ਰਹੇ ਲੋਕਾਂ ਵੱਲੋਂ ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਤੇ ਇਨ੍ਹਾਂ ਉੱਤੇ ਦੋਸ਼ ਆਇਦ ਕਰਨ ਦੀ ਮੰਗ ਕੀਤੀ ਜਾ ਰਹੀ ਸੀ।

# ਹਾਂਗ ਕਾਂਗ ਰਹਿ ਰਹੇ ਕੈਨੇਡੀਅਨਜ਼ ਕਦੇ ਵੀ ਆਪਣੇ ਘਰ ਆ ਸਕਦੇ ਹਨ : ਫਰੀਲੈਂਡ



ਓਟਵਾ, 4 ਜੂਨ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਅਨੁਸਾਰ ਹਾਂਗ ਕਾਂਗ ਵਿੱਚ ਰਹਿ ਰਹੇ ਸੈਂਕੜੇ ਕੈਨੇਡੀਅਨ ਕਦੇ ਵੀ ਕੈਨੇਡਾ ਆ ਸਕਦੇ ਹਨ, ਉਨ੍ਹਾਂ ਦਾ ਹਮੇਸ਼ਾਂ ਸਵਾਗਤ ਹੈ।

ਬੁੱਧਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਇਹ ਟਿੱਪਣੀ ਕੀਤੀ। ਇਸ ਤੋਂ ਕੁਝ ਘੰਟੇ ਪਹਿਲਾਂ ਯੂਕੇ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਦਾ ਦੇਸ਼ ਤਿੰਨ ਮਿਲੀਅਨ ਹਾਂਗ ਕਾਂਗ ਨਾਗਰਿਕਾਂ ਲਈ ਆਪਣੇ ਦਰਵਾਜ਼ੇ ਖੋਲ੍ਹਣ ਲਈ ਤਿਆਰ ਹੈ। ਫਰੀਲੈਂਡ ਨੇ ਆਖਿਆ ਕਿ ਇਸ ਸਮੇਂ ਅੰਦਾਜ਼ਨ 300,000 ਕੈਨੇਡੀਅਨ ਹਾਂਗ ਕਾਂਗ ਵਿੱਚ ਰਹਿ ਰਹੇ ਹਨ। ਉਨ੍ਹਾਂ ਆਖਿਆ ਕਿ ਉਹ ਸਾਰੇ ਲੋਕ ਕੈਨੇਡੀਅਨ ਹੀ ਹਨ ਤੇ ਹਾਂਗ ਕਾਂਗ ਰਹਿ ਰਹੇ ਸਾਰੇ ਕੈਨੇਡੀਅਨਾਂ ਨੂੰ ਕਿਸੇ ਵੀ ਵੇਲੇ ਘਰ ਆਉਣ ਦਾ ਖੁਲ੍ਹਾ ਸੱਦਾ ਹੈ।

ਇਸ ਖਿੱਤੇ ਵਿੱਚ ਤਣਾਅ ਕਾਫੀ ਵਧਿਆ ਹੋਇਆ ਹੈ। ਫਰੀਲੈਂਡ ਨੇ ਆਖਿਆ ਕਿ ਉਹ ਹਾਂਗ ਕਾਂਗ ਤੋਂ ਕੈਨੇਡਾ ਵਿੱਚ ਪਨਾਹ ਲੈਣ ਵਾਲਿਆਂ ਦਾ ਅੰਕੜਾ ਤਾਂ ਨਹੀਂ ਦੱਸ ਸਕਦੇ ਪਰ ਮੁਸੀਬਤ ਵਿੱਚ ਫਸੇ ਲੋਕਾਂ ਦੀ ਮਦਦ ਜ਼ਰੂਰ ਕਰ ਸਕਦੇ ਹਨ। ਉਨ੍ਹਾਂ ਅੱਗੇ ਆਖਿਆ ਕਿ ਕੈਨੇਡਾ ਦੁਨੀਆ ਭਰ ਵਿੱਚੋਂ ਪਨਾਹ ਦੀ ਆਸ ਨਾਲ ਆਪਣੇ ਵੱਲ ਤੱਕਣ ਵਾਲਿਆਂ ਦੀ ਬਾਂਹ ਜ਼ਰੂਰ ਫੜ੍ਹਦਾ ਹੈ ਤੇ ਪਰਵਾਸੀਆਂ ਦਾ ਸਦਾ ਸਾਡੇ ਮੁਲਕ ਵਿੱਚ ਸਵਾਗਤ ਹੈ।


## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

647-764-3637

## ਹੈਲਪਰ ਦੀ ਲੋੜ ਹੈ

Construction Company

FULL TIME WORK

416-618-3358 | 905-789-7783








Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435


Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ

UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AVTAR UPPAL
Manager

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਅਮਰੀਕਾ 'ਚ ਜਾਰੀ ਰੋਸ ਮੁਜ਼ਾਹਰਿਆਂ ਬਾਰੇ ਟਰੰਪ ਦੀ ਪ੍ਰਤੀਕਿਰਿਆ 'ਤੇ ਟਰੂਡੋ ਨੇ ਧਾਰੀ ਚੁੱਪ



ਓਟਵਾ, 4 ਜੂਨ (ਪੋਸਟ ਬਿਊਰੋ) : ਅਮਰੀਕਾ ਵਿੱਚ ਚੱਲ ਰਹੇ ਰੋਸ ਮੁਜ਼ਾਹਰਿਆਂ ਨਾਲ ਨਜਿੱਠਣ ਲਈ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਚੁੱਕੇ ਜਾ ਰਹੇ ਕਦਮਾਂ ਬਾਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਜਦੋਂ ਸਵਾਲ ਕੀਤਾ ਗਿਆ ਤਾਂ ਉਹ 20 ਸੈਕਿੰਡ ਲਈ ਚੁੱਪ ਹੀ ਹੋ ਗਏ। ਆਖਿਰਕਾਰ ਉਨ੍ਹਾਂ ਟਰੰਪ ਦਾ ਨਾਂ ਵੀ ਨਹੀਂ ਲਿਆ ਤੇ ਸਵਾਲ ਨੂੰ ਹੀ ਟਾਲ ਦਿੱਤਾ।

ਮੰਗਲਵਾਰ ਨੂੰ ਰਿਡਿਊ ਕਾਟੇਜ ਦੇ ਬਾਹਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਨ ਦੌਰਾਨ ਟਰੂਡੋ ਨੂੰ ਇਹ ਸਵਾਲ ਉਚੇਚੇ ਤੌਰ ਉੱਤੇ ਪੁੱਛਿਆ ਗਿਆ ਕਿ ਅਮਰੀਕਾ ਵਿੱਚ ਚੱਲ ਰਹੇ ਮੁਜ਼ਾਹਰਿਆਂ ਖਿਲਾਫ ਟਰੰਪ ਵੱਲੋਂ ਫੌਜੀ ਕਾਰਵਾਈ ਕੀਤੇ ਜਾਣ ਦੇ ਫੈਸਲੇ ਬਾਰੇ ਉਹ ਕੀ ਸੋਚਦੇ ਹਨ। ਇਸ ਸਵਾਲ ਦਾ ਫੌਰੀ ਜਵਾਬ ਦੇਣ ਦੀ ਥਾਂ ਟਰੂਡੋ ਚੁੱਪ ਵੱਟ ਗਏ। ਕੁੱਝ ਸੈਕਿੰਡ ਬਾਅਦ ਟਰੂਡੋ ਨੇ ਆਪਣਾ ਮੂੰਹ ਜ਼ਰੂਰ ਖੋਲ੍ਹਿਆ ਪਰ ਕੁੱਝ ਬੋਲੇ ਨਹੀਂ। ਉਨ੍ਹਾਂ ਦੀ ਇਹ ਚੁੱਪੀ 20 ਸੈਕਿੰਡ ਤੋਂ ਵੀ ਜ਼ਿਆਦਾ ਦੇਰ ਰਹੀ।

ਫਿਰ ਟਰੂਡੋ ਨੇ ਆਖਿਆ ਕਿ ਜੋ ਕੁਝ ਅਮਰੀਕਾ ਵਿੱਚ ਹੋ ਰਿਹਾ ਹੈ ਉਹ ਕਾਫੀ ਡਰਾਉਣਾ ਹੈ ਤੇ ਅਸੀਂ ਧਿਆਨ ਨਾਲ ਇਹ ਸੱਭ ਵਾਚ ਰਹੇ ਹਾਂ। ਇਹ ਲੋਕਾਂ ਨੂੰ ਇਕੱਜੁੱਟ ਕਰਨ ਦਾ ਸਮਾਂ ਹੈ ਪਰ ਇਹ ਸਮਾਂ ਸੁਣਨ ਦਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਸਮਝਣ ਦਾ ਸਮਾਂ ਆ ਗਿਆ ਹੈ ਕਿ ਐਨੇ ਸਾਲਾਂ ਤੇ ਦਹਾਕਿਆਂ ਦੀ ਤਰੱਕੀ ਤੋਂ ਬਾਅਦ ਵੀ ਕਿਹੋ ਜਿਹਾ ਅਨਿਆਂ ਹੋ ਰਿਹਾ ਹੈ। ਪਰ ਕੈਨੇਡੀਅਨ ਹੋਣ ਨਾਤੇ ਸਾਨੂੰ ਇਹ ਪਛਾਨਣ ਦੀ ਲੋੜ ਹੈ ਕਿ ਸਾਡੀਆਂ ਆਪਣੀਆਂ ਚੁਣੌਤੀਆਂ ਹਨ। ਸਾਨੂੰ ਇਹ ਵੀ ਸਮਝਣਾ ਹੋਵੇਗਾ ਕਿ ਸਿਆਹ ਨਸਲ ਦੇ ਕੈਨੇਡੀਅਨਾਂ ਤੇ ਉਨ੍ਹਾਂ ਨਾਲ ਹੋਣ ਵਾਲੇ ਵਿਤਕਰੇ ਨੂੰ ਰੋਜ਼ ਜਰਨਾ ਕਿੰਨਾ ਔਖਾ ਹੈ। ਉਨ੍ਹਾਂ ਇਸ ਦੌਰਾਨ ਕਿਤੇ ਵੀ ਟਰੰਪ ਦਾ ਨਾਂ ਨਹੀਂ ਲਿਆ।

# ਲੋਕਲ ਕੰਪਨੀਆਂ ਨੂੰ ਪੀਪੀਈ ਕਿੱਟਾਂ ਤਿਆਰ ਕਰਨ ਲਈ 2.8 ਮਿਲੀਅਨ ਡਾਲਰ ਦੇਵੇਗੀ ਫੋਰਡ ਸਰਕਾਰ



ਟੋਰਾਂਟੋ, 4 ਜੂਨ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ (ਪੀਪੀਈ) ਨੂੰ ਲੋਕਲ ਪੱਧਰ ਉੱਤੇ ਤਿਆਰ ਕਰਵਾਉਣ ਲਈ 2.8 ਮਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ ਕੀਤਾ ਗਿਆ ਹੈ।

ਪੀਪੀਈ ਪ੍ਰੋਵਿੰਸ ਭਰ ਵਿੱਚ ਫਰੰਟ ਲਾਈਨ ਵਰਕਰਜ਼ ਵੱਲੋਂ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਅਹਿਮ ਕਿੱਟ ਹੈ ਜਿਹੜੀ ਕਰੋਨਾਵਾਇਰਸ ਤੋਂ ਉਨ੍ਹਾਂ ਦੀ ਕਾਫੀ ਹੱਦ ਤੱਕ ਹਿਫਾਜ਼ਤ ਕਰਦੀ ਹੈ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਸ 2.8 ਮਿਲੀਅਨ ਡਾਲਰ ਦੀ ਮਦਦ ਨਾਲ ਉਤਪਾਦਕ ਆਪਣੀ ਪੀਪੀਈ ਕਿੱਟ ਨੂੰ ਤਿਆਰ ਕਰਨ ਦੀ ਸਮਰੱਥਾ ਨੂੰ ਵਧਾ ਸਕਣਗੇ। ਇਹ ਮਦਦ ਓਨਟਾਰੀਓ ਟੁਗੈਦਰ ਫੰਡ ਵਿੱਚੋਂ ਕੀਤੀ ਜਾ ਰਹੀ ਹੈ।

ਮੰਗਲਵਾਰ ਨੂੰ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫੋਰਡ ਨੇ ਆਖਿਆ ਕਿ ਸਾਨੂੰ ਇਨ੍ਹਾਂ ਕਾਰੋਬਾਰੀਆਂ ਨਾਲ ਭਾਈਵਾਲੀ ਕਰਕੇ ਕਾਫੀ ਖੁਸ਼ੀ ਹੋ ਰਹੀ ਹੈ। ਅਸੀਂ ਇਸ ਲਈ ਵੀ ਖੁਸ਼ ਹਾਂ ਕਿ ਅਸੀਂ ਵਾਇਰਸ ਨੂੰ ਖਤਮ ਕਰਨ ਵਿੱਚ ਜਿੰਨਾ ਹੋ ਸਕੇ ਯੋਗਦਾਨ ਪਾ ਰਹੇ ਹਾਂ। ਇਸ ਫੰਡ ਨੂੰ ਹਾਸਲ ਕਰਨ ਵਾਲੀਆਂ ਸਾਰੀਆਂ ਕੰਪਨੀਆਂ ਓਨਟਾਰੀਓ ਵਿੱਚ ਹੀ ਹਨ ਤੇ ਇਹ ਸਾਰੀਆਂ ਵੱਖ ਵੱਖ ਤਰ੍ਹਾਂ ਦੀਆਂ ਪੀਪੀਈ ਕਿਟਾਂ ਤਿਆਰ ਕਰਦੀਆਂ ਹਨ।

# ਇਕਨੌਮਿਕ ਰੀਓਪਨਿੰਗ ਦੇ ਦੂਜੇ ਪੜਾਅ ਬਾਰੇ ਫੈਸਲਾ ਅਗਲੇ ਹਫਤੇ : ਫੋਰਡ

ਓਨਟਾਰੀਓ, 4 ਜੂਨ (ਪੋਸਟ ਬਿਊਰੋ) : ਬੁੱਧਵਾਰ ਨੂੰ ਓਨਟਾਰੀਓ ਵਿੱਚ ਨੋਵਲ ਕਰੋਨਾਵਾਇਰਸ ਦੇ 338 ਨਵੇਂ ਮਾਮਲੇ ਸਾਹਮਣੇ ਆਏ। ਇਨ੍ਹਾਂ ਨਾਲ ਪ੍ਰੋਵਿੰਸ ਵਿੱਚ ਕੋਵਿਡ-19 ਪਾਜ਼ੀਟਿਵ ਮਾਮਲਿਆਂ ਦੀ ਗਿਣਤੀ 29,047 ਤੱਕ ਪਹੁੰਚ ਗਈ ਹੈ।

ਨਵੇਂ ਮਾਮਲੇ ਇੱਕ ਦਿਨ ਪਹਿਲਾਂ ਨਾਲੋਂ 1.2 ਫੀ ਸਦੀ ਵਧ ਰਿਕਾਰਡ ਕੀਤੇ ਗਏ। ਇਨ੍ਹਾਂ ਵਿੱਚੋਂ ਜੀਟੀਏ ਵਿੱਚ ਹੀ 66 ਫੀ ਸਦੀ ਮਾਮਲੇ ਹਨ। ਪਿਛਲੇ 24 ਘੰਟਿਆਂ ਵਿੱਚ ਕੋਵਿਡ-19 ਦੇ ਟੈਸਟਾਂ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ। ਪਰ ਲਗਾਤਾਰ ਚੌਥੇ ਦਿਨ ਵੀ ਪ੍ਰੋਵਿੰਸ ਰੋਜ਼ਾਨਾ ਦੀ ਆਪਣੀ ਸਮਰੱਥਾ ਉੱਤੇ ਪੂਰਾ ਨਹੀਂ ਉਤਰ ਪਾਇਆ। ਲਗਾਤਾਰ ਤੀਜੇ ਦਿਨ ਮੌਤਾਂ ਦੀ ਗਿਣਤੀ ਵਿੱਚ ਵੀ ਇਜਾਫਾ ਵੇਖਣ ਨੂੰ ਮਿਲਿਆ। ਕੱਲ੍ਹ 19 ਮੌਤਾਂ ਹੋਈਆਂ ਤੇ ਇਸ ਨਾਲ ਹੁਣ ਤੱਕ ਪ੍ਰੋਵਿੰਸ ਵਿੱਚ ਕੋਵਿਡ-19 ਨਾਲ ਮਰਨ ਵਾਲਿਆਂ ਦੀ ਗਿਣਤੀ 2,312 ਤੱਕ ਅੱਪੜ ਗਈ ਹੈ।

ਓਨਟਾਰੀਓ ਦੇ ਹੈਲਥ ਅਧਿਕਾਰੀਆਂ ਵੱਲੋਂ ਪ੍ਰੋਵਿੰਸ ਦੇ ਇਕਨੌਮਿਕ ਰੀਓਪਨਿੰਗ ਪਲੈਨ ਦੇ ਦੂਜੇ ਪੜਾਅ ਬਾਰੇ ਵਿਚਾਰ ਚਰਚਾ ਚੱਲ ਰਹੀ ਹੈ। ਬੁੱਧਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਦੂਜਾ ਪੜਾਅ ਅਗਲੇ ਹਫਤੇ ਤੋਂ ਸ਼ੁਰੂ ਹੋ ਜਾਵੇਗਾ।

# ਓਨਟਾਰੀਓ ਵਿਧਾਨਸਭਾ ਨੇ ਸਟੇਟ ਆਫ ਐਮਰਜੰਸੀ 30 ਜੂਨ ਤੱਕ ਵਧਾਈ




ਓਨਟਾਰੀਓ, 4 ਜੂਨ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਸਟੇਟ ਆਫ ਐਮਰਜੰਸੀ ਵਿੱਚ 30 ਜੂਨ ਤੱਕ ਦਾ ਵਾਧਾ ਕੀਤਾ ਗਿਆ ਹੈ। ਇਨ੍ਹਾਂ ਮਾਪਦੰਡਾਂ ਤਹਿਤ ਪੰਜ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ ਉੱਤੇ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਰੈਸਟੋਰੈਂਟਸ ਤੇ ਬਾਰਜ਼ ਆਦਿ ਇਸ ਦੌਰਾਨ ਬੰਦ ਹੀ ਰਹਿਣਗੇ ਬਸ਼ਰਤੇ ਜੇ ਉਹ ਟੇਕਆਊਟ ਜਾਂ ਡਲਿਵਰੀ ਆਫਰ ਕਰਦੇ ਹਨ ਤਾਂ ਖੁੱਲ੍ਹ ਵੀ ਸਕਦੇ ਹਨ। ਇੰਡੀਪੈਂਡੈਂਟ ਵਿਧਾਇਕ ਰੈਂਡੀ ਹਿਲੀਅਰ ਨੇ ਆਖਿਆ ਕਿ ਉਹ ਇਸ ਮਾਪਦੰਡ ਦੇ ਖਿਲਾਫ ਵੋਟ ਕਰਨਗੇ ਕਿਉਂਕਿ ਇਸ ਨਾਲ ਸਰਕਾਰ ਨੂੰ ਹੱਦੋਂ ਵੱਧ ਅਧਿਕਾਰ ਮਿਲ ਜਾਂਦਾ ਹੈ। ਜ਼ਿਕਰਯੋਗ ਹੈ ਕਿ ਓਨਟਾਰੀਓ ਨੇ 17 ਮਾਰਚ ਨੂੰ ਕੋਵਿਡ-19 ਦੇ ਕੇਸਾਂ ਵਿੱਚ ਹੋਏ ਵਾਧੇ ਦੇ ਮੱਦੇਨਜ਼ਰ ਸਟੇਟ ਆਫ ਐਮਰਜੰਸੀ ਐਲਾਨੀ ਸੀ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience


# ਫਿਲਮੀ ਦੁਨੀਆ



## ਜ਼ਿੰਦਗੀ ਜਿੱਧਰ ਲੈ ਜਾਏਗੀ, ਜਾਵਾਂਗੀ : ਕੰਗਨਾ

ਅਭਿਨੇਤਰੀ ਕੰਗਨਾ ਰਣੌਤ ਲਾਕਡਾਊਨ ਦੇ ਕਾਰਨ ਆਪਣੇ ਪਰਵਾਰ ਨਾਲ ਫਿਲਹਾਲ ਆਪਣੇ ਹੋਮਟਾਊਨ ਮਨਾਲੀ ਵਿੱਚ ਹੈ। ਉਹ ਮੁੰਬਈ ਨਹੀਂ ਪਰਤੀ। ਉਸ ਦਾ ਮੰਨਣਾ ਹੈ ਕਿ ਲਾਕਡਾਊਨ ਜਦ ਖੁੱਲ੍ਹੇਗਾ ਤੇ ਕੋਰੋਨਾ ਵਾਇਰਸ ਦਾ ਕਹਿਰ ਖਤਮ ਹੋਵੇਗਾ ਤਾਂ ਸਿਨੇਮਾ ਤੇ ਥੀਏਟਰ ਦੇ ਬਿਜਨਸ ਵਿੱਚ ਕਈ ਬਦਲਾਅ ਆਉਣਗੇ। ਲਾਕਡਾਊਨ ਦੇ ਬਾਅਦ ਪਤਾ ਨਹੀਂ ਅਸੀਂ ਕਿਸ ਮੋੜ 'ਤੇ ਖੜ੍ਹੇ ਹੋਵਾਂਗੇ। ਅਜਿਹੇ ਵਿੱਚ ਜ਼ਿੰਦਗੀ ਉਨ੍ਹਾਂ ਨੂੰ ਜਿਸ ਪਾਸੇ ਲੈ ਜਾਏਗੀ, ਉਹ ਚਲੀ ਜਾਏਗੀ। 'ਮਣੀਕਰਣਿਕਾ : ਦ ਕਵੀਨ ਆਫ ਝਾਂਸੀ' ਫਿਲਮ ਦਾ ਨਿਰਦੇਸ਼ਨ ਕਰਨ ਪਿੱਛੋਂ ਕੰਗਨਾ ਹੋਰ ਕਈ ਫੀਚਰ ਫਿਲਮਾਂ ਦਾ ਨਿਰਦੇਸ਼ਨ ਕਰਨ ਦੀ ਇੱਛਾ ਰੱਖਦੀ ਹੈ। ਇਸ ਸਾਲ ਦੇ ਸ਼ੁਰੂ ਵਿੱਚ ਕੰਗਨਾ ਨੇ ਆਪਣਾ ਪ੍ਰੋਡਕਸ਼ਨ ਹਾਊਸ ਸ਼ੁਰੂ ਕੀਤਾ ਸੀ, ਜਿਸ ਦੇ ਤਹਿਤ ਉਹ ਆਪਣੇ ਪ੍ਰੋਡਕਸ਼ਨ ਦੀ ਪਹਿਲੀ ਫਿਲਮ 'ਅਪਰਾਜਿਤ ਅਯੁੱਧਿਆ' ਬਣਾਉਣ ਵਾਲੀ ਹੈ। ਉਸ ਦਾ ਕਹਿਣਾ ਹੈ ਕਿ ਮੈਂ ਖੁਦ ਨੂੰ ਕੰਟੈਂਟ ਕ੍ਰਿਏਟਰ ਵਜੋਂ ਸਥਾਪਤ ਕੀਤਾ ਹੈ।


## 'ਅਮਰ ਅਕਬਰ ਐਂਥੋਨੀ' ਨੇ ਕੀਤੀ ਸੀ ਮੋਟੀ ਕਮਾਈ : ਅਮਿਤਾਭ



ਮਨਮੋਹਨ ਦੇਸਾਈ ਦੇ ਨਿਰਦੇਸ਼ਨ ਵਿੱਚ ਸਾਲ 1977 ਵਿੱਚ ਬਣੀ ਫਿਲਮ 'ਅਮਰ ਅਕਬਰ ਐਂਥੋਨੀ' ਨੂੰ ਦੇਸ਼ ਦੀਆਂ ਸਭ ਤੋਂ ਬਿਹਤਰੀਨ ਫਿਲਮਾਂ ਵਿੱਚ ਗਿਣਿਆ ਜਾਂਦਾ ਹੈ। ਇਸ ਨੂੰ ਰਿਲੀਜ਼ ਹੋਏ 43 ਸਾਲ ਹੋ ਗਏ ਹਨ। ਇਸ ਮੌਕੇ ਅਮਿਤਾਭ ਬੱਚਨ ਨੇ ਸੋਸ਼ਲ ਮੀਡੀਆ 'ਤੇ ਫਿਲਮ ਦੇ ਸੈਟ ਤੋਂ ਆਪਣੀ ਬੇਟੀ ਸ਼ਵੇਤਾ ਨੰਦਾ ਅਤੇ ਬੇਟੇ ਅਭਿਸ਼ੇਕ ਬੱਚਨ ਦੇ ਨਾਲ ਤਸਵੀਰ ਸਾਂਝੀ ਕੀਤੀ ਹੈ। ਇਸ ਦੇ ਨਾਲ ਫਿਲਮ ਨਾਲ ਜੁੜੀ ਇੱਕ ਦਿਲਚਸਪ ਕਹਾਣੀ ਸਾਂਝੀ ਕਰਦੇ ਹੋਏ ਉਨ੍ਹਾਂ ਨੇ ਲਿਖਿਆ, 'ਹੋਟਲ ਵਿੱਚ ਮਾਇ ਨੇਮ ਇਜ਼ ਐਂਥੋਨੀ ਗੋਂਸਾਲਵਿਸ' ਗਾਣੇ ਦੀ ਸ਼ੂਟਿੰਗ ਦੌਰਾਨ ਸ਼ਵੇਤਾ ਅਤੇ ਅਭਿਸ਼ੇਕ ਛੁੱਟੀ ਵਾਲੇ ਦਿਨ 'ਅਮਰ ਅਕਬਰ ਐਂਥੋਨੀ' (ਏ ਏ ਏ)' ਦੇ ਸੈਟ 'ਤੇ ਆਏ। ਇਹ ਫੋਟੋ ਸਮੁਦਰ ਕਿਨਾਰੇ ਦੇ ਸਾਹਮਣੇ ਦੀ ਹੈ। ਅੱਜ 'ਏ ਏ ਏ' ਨੂੰ 43 ਸਾਲ ਹੋ ਗਏ ਹਨ। ਜਦ ਮਨਮੋਹਨ ਜੀ ਮੇਰੇ ਕੋਲ ਇਹ ਕਹਾਣੀ ਸੁਣਾਉਣ ਨੂੰ ਆਏ ਅਤੇ ਫਿਲਮ ਦਾ ਨਾਂਅ ਦੱਸਿਆ ਤਾਂ ਮੈਨੂੰ ਲੱਗਾ ਕਿ ਉਹ ਹੋਸ਼ ਵਿੱਚ ਨਹੀਂ ਹਨ।

1970 ਦੇ ਦਹਾਕੇ ਵਿੱਚ ਜਦ ਫਿਲਮਾਂ ਦੇ ਨਾਅ ਭੈਣ, ਭਰਜਾਈ ਅਤੇ ਬੇਟੀ ਦੇ ਆਲੇ ਦੁਆਲੇ ਹੁੰਦੇ ਸਨ, ਉਸ ਦੌਰ ਵਿੱਚ ਇਹ ਨਾਂਅ ਬਿਲਕੁਲ ਅਨੋਖਾ ਸੀ। ਇਸ ਫਿਲਮ ਨੇ ਉਸ ਸਮੇਂ 7.25 ਕਰੋੜ ਰੁਪਏ ਦਾ ਬਿਜ਼ਨਸ ਕੀਤਾ ਸੀ। ਅੱਜ ਦੀ ਮਹਿੰਗਾਈ ਦੇ ਹਿਸਾਬ ਨਾਲ ਕਮਾਈ ਦੀ ਤੁਲਨਾ ਕਰੀਏ ਤਾਂ ਇਸ ਨੇ 'ਬਾਹੂਬਲੀ 2' ਨੂੰ ਪਿੱਛੇ ਛੱਡ ਦਿੱਤਾ। ਅਜਿਹਾ ਕਹਿਣ ਵਾਲੇ ਕਹਿੰਦੇ ਹਨ, ਇੰਨਾ ਜਮ੍ਹਾ-ਘਟਾਓ ਕੌਣ ਕਰਦਾ ਹੈ। ਸਬੂਤ ਇਹ ਹੈ ਇਸ ਫਿਲਮ ਨੇ ਮੋਟੀ ਕਮਾਈ ਕੀਤੀ। ਇਕੱਲੇ ਮੁੰਬਈ ਵਿੱਚ 25 ਸਿਨੇਮਾਘਰਾਂ ਵਿੱਚ ਇਹ ਫਿਲਮ 25 ਹਫਤਿਆਂ ਤੱਕ ਚੱਲੀ। ਅਜਿਹਾ ਅੱਜਕੱਲ੍ਹ ਨਹੀਂ ਹੁੰਦਾ।

## ਡਿਜੀਟਲ ਉਤੇ ਮੁਕਾਬਲੇਬਾਜ਼ੀ ਨਹੀਂ: ਅਭੈ ਦਿਓਲ




ਅਭਿਨੇਤਾ ਅਭੈ ਦਿਓਲ ਦਾ ਇਹ ਮੰਨਣਾ ਹੈ ਕਿ ਵੱਖ-ਵੱਖ ਡਿਜੀਟਲ ਪਲੇਟਫਾਰਮ ਦੇ ਆਉਣ ਨਾਲ ਇੰਡੀਪੈਂਡੈਂਟ ਫਿਲਮਕਾਰਾਂ ਦੇ ਲਈ ਮੌਕੇ ਵਧੇ ਹਨ। ਸੋਸ਼ਲ ਮੀਡੀਆ 'ਤੇ ਲਾਈਵ ਗੱਲਬਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਲਾਕਡਾਊਨ ਦੇ ਬਾਅਦ ਹਾਲਾਤ ਨਾਰਮਲ ਹੋਣ 'ਤੇ ਸਿਨੇਮਾਘਰਾਂ ਵਿੱਚ ਫਿਲਮਾਂ ਰਿਲੀਜ਼ ਕਰਨ ਲਈ ਵੱਡੀ ਮੁਕਾਬਲੇਬਾਜ਼ੀ ਹੋਣ ਵਾਲੀ ਹੈ, ਪਰ ਡਿਜੀਟਲ ਪਲੇਟਫਾਰਮ 'ਤੇ ਫਿਲਮਾਂ ਦੇ ਵਿੱਚ ਕੋਈ ਮੁਕਾਬਲੇਬਾਜ਼ੀ ਨਹੀਂ ਹੁੰਦੀ। ਇਥੇ ਹਰ ਵੱਡੀ-ਛੋਟੀ ਫਿਲਮ ਦੀ ਮਾਰਕੀਟਿੰਗ ਇੱਕੋ ਜਿਹੀ ਕੀਤੀ ਜਾਂਦੀ ਹੈ। ਸਾਰੇ ਫਿਲਮਕਾਰਾਂ ਨੂੰ ਬਰਾਬਰ ਮੌਕਾ ਮਿਲਦਾ ਹੈ।

ਅਭੈ ਮੌਜੂਦਾ ਦੌਰ ਵਿੱਚ ਫਿਲਮਾਂ ਨੂੰ ਸਿੱਧਾ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰਨ ਦੇ ਹੱਕ ਵਿੱਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨਿਰਮਾਤਾਵਾਂ ਨੂੰ ਇਹ ਨਹੀਂ ਪਤਾ ਕਿ ਸਿਨੇਮਾਘਰਾਂ ਵਿੱਚ ਉਨ੍ਹਾਂ ਦੀ ਫਿਲਮ ਕਦੋਂ ਅਤੇ ਕਿਵੇਂ ਰਿਲੀਜ਼ ਹੋਵੇਗੀ। ਅਜਿਹੇ ਵਿੱਚ ਉਹ ਸਿਰਫ ਸਿਨੇਮਾਘਰ ਦੇ ਭਰੋਸੇ ਆਪਣੀ ਫਿਲਮ ਰਿਲੀਜ਼ ਕਰਨ ਤੋਂ ਨਹੀਂ ਰੋਕ ਸਕਦੇ।

## ਐਕਟਿੰਗ ਡੈਬਿਊ ਕਰੇਗੀ ਨੇਹਾ ਕੱਕੜ




ਜਾਦੂਮਈ ਆਵਾਜ਼ ਦੇ ਨਾਲ ਨੇਹਾ ਕੱਕੜ ਕਈ ਮਿਊਜ਼ਿਕ ਵੀਡੀਓ ਵਿੱਚ ਅਦਾਕਾਰੀ ਵੀ ਕਰਦੀ ਨਜ਼ਰ ਆਈ ਹੈ। ਉਸ ਦੇ ਦਿਲ ਵਿੱਚ ਬਤੌਰ ਅਭਿਨੇਤਰੀ ਖੁਦ ਨੂੰ ਵੱਡੇ ਪਰਦੇ 'ਤੇ ਦੇਖਣ ਦੀ ਖਾਹਿਸ਼ ਹੈ, ਪਰ ਆਪਣੇ ਡੈਬਿਊ ਪ੍ਰੋਜੈਕਟ ਵਿੱਚ ਅਸਫਲਤਾ ਦਾ ਕੋਈ ਖਤਰਾ ਨਹੀਂ ਲੈਣਾ ਚਾਹੁੰਦੀ।

ਉਸ ਦਾ ਕਹਿਣਾ ਹੈ ਕਿ ਮਿਊਜ਼ਿਕ ਵੀਡੀਓ ਵਿੱਚ ਉਸ ਦੀ ਪ੍ਰਫਾਰਮੈਂਸ ਦੇਖ ਕੇ ਉਸ ਨੂੰ ਅਭਿਨੇਤਰੀ ਬਣਨ ਦੇ ਕਈ ਪ੍ਰਸਤਾਵ ਮਿਲੇ ਹਨ। ਉਸ ਦੇ ਦਿਲ ਵਿੱਚ ਵੀ ਕਿਤੇ ਨਾ ਕਿਤੇ ਐਕਟਰ ਬਣਨ ਦੀ ਖਾਹਿਸ਼ ਹੈ, ਪਰ ਹਿੰਦੀ ਸਿਨੇਮਾ ਵਿੱਚ ਅੱਜ ਤੱਕ ਐਕਟਿੰਗ ਵਿੱਚ ਉਤਰੇ ਗਾਇਕਾਂ ਦੀ ਅਸਫਲਤਾ ਦੇਖ ਕੇ ਡਰ ਲੱਗਦਾ ਹੈ। ਇਸ ਲਈ ਕਿਸੇ ਪ੍ਰੋਜੈਕਟ ਦੀ ਸਫਲਤਾ ਇੱਕ ਹਜ਼ਾਰ ਫੀਸਦੀ ਯਕੀਨੀ ਹੋਣ ਦੇ ਬਾਅਦ ਹੀ ਉਹ ਬਤੌਰ ਅਭਿਨੇਤਰੀ ਡੈਬਿਊ ਕਰੇਗੀ। ਨੇਹਾ ਨੇ ਦੱਸਿਆ ਕਿ ਇਸ ਸਮੇਂ ਭਰਾ ਟੋਨੀ ਕੱਕੜ ਅਤੇ ਭੈਣ ਸੋਨੂੰ ਕੱਕੜ ਨਾਲ ਉਸ ਦੇ ਘਰ ਵਿੱਚ ਪੂਰਾ ਮਿਊਜ਼ੀਕਲ ਮਾਹੌਲ ਹੈ। ਸੰਗੀਤ ਦੇ ਇਲਾਵਾ ਉਨ੍ਹਾਂ ਦੇ ਪਰਵਾਰ ਵਿੱਚ ਸਾਰੇ ਮੈਂਬਰ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਨ ਦੇ ਬਾਰੇ ਗੱਲਾਂ ਕਰਦੇ ਹਨ।

# ਅਸੀਂ ਮਿਲ ਕੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਸਫਲ ਹੋ ਰਹੇ ਹਾਂ

ਜਿਵੇਂ ਹੀ ਕਾਰੋਬਾਰ ਅਤੇ ਕਾਰਜ ਸਥਾਨ ਦੁਬਾਰਾ ਖੁੱਲ੍ਹਣਗੇ, ਸਾਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਜਾਰੀ ਰੱਖਣੀ ਪਵੇਗੀ ਤਾਂ ਜੋ ਹਰੇਕ ਵਿਅਕਤੀ ਸੁਰੱਖਿਅਤ ਰਹੇ।




**ਦੂਜਿਆਂ ਤੋਂ ਦੂਰੀ ਬਣਾ ਕੇ ਰੱਖੋ।** ਦੂਜਿਆਂ ਤੋਂ ਦੋ ਮੀਟਰ ਦੀ ਦੂਰੀ ਬਣਾ ਕੇ ਰੱਖੋ।



ਜਿੱਥੇ ਦੂਰੀ ਬਣਾਉਣੀ ਔਖੀ ਹੋਵੇ ਉੱਥੇ ਆਪਣਾ **ਮੂੰਹ ਢੱਕ ਕੇ ਰੱਖੋ।**



**ਆਪਣੇ ਹੱਥ** ਚੰਗੀ ਤਰ੍ਹਾਂ ਅਤੇ ਵਾਰ-ਵਾਰ ਧੋਵੋ।

ਵਧੇਰੇ ਜਾਣਕਾਰੀ ਲਈ **ontario.ca/coronavirus** 'ਤੇ ਜਾਓ

ਓਂਟਾਰੀਓ ਸਰਕਾਰ ਦੁਆਰਾ ਜਾਰੀ

Ontario

